ਸਿੱਖ ਫੁਲਵਾੜੀ

(ਮਾਸਿਕ ਪੱਤਰ)
ਹਿੰਦੀ ਵਿੱਚ ਵੀ ਮਿਲਦਾ ਹੈ।
ਸਾਲ : 18 ਜਨਵਰੀ 1998 ਅੰਕ : 6

ਮੁੱਖ ਸੰਪਾਦਕ — ਪ੍ਰਿੰ: ਹਰਿਭਜਨ ਸਿੰਘ, ਲੁਧਿਆਣਾ
ਸੰਪਾਦਕ — ਸ. ਹਰਜੀਤ ਸਿੰਘ (ਐਮ. ਏ.), ਜਲੰਧਰ

ਸਿੱਖ ਫੁਲਵਾੜੀ ਡਾਇਰੈਕਟਰ, ਸਿੱਖਿਆ ਵਿਭਾਗ, ਪੰਜਾਬ ਵੱਲੋਂ ਸਭ ਸਕੂਲਾਂ ਅਤੇ ਸਮਾਜਿਕ ਸਿੱਖਿਆ ਕੇਂਦਰਾਂ ਤੇ ਲਾਇਬਰੇਰੀਆਂ ਲਈ ਪੱਤਰ ਨੰਬਰ 332813-7-1981 ਰਾਹੀਂ ਪ੍ਰਵਾਣਿਤ ਹੈ।

ਚੰਦਾ ਭੇਜਣ ਦਾ ਪਤਾ :
ਸਿੱਖ ਫੁਲਵਾੜੀ, 1051, ਕੂਚਾ 14, ਫ਼ੀਲਡ ਗੰਜ, ਲੁਧਿਆਣਾ-8
ਫ਼ੋਨ : 663452, ਫੈਕਸ : 0161-663452

ਸਬ ਆਫ਼ਿਸ : A-143, ਫ਼ਤਹਿ ਨਗਰ, ਨਵੀਂ ਦਿੱਲੀ — 18
ਫ਼ੋਨ : 5135677

ਜਲੰਧਰ ਆਫ਼ਿਸ : W. G. 578, ਸੂਰਾਜ ਗੰਜ, ਜਲੰਧਰ।
ਫ਼ੋਨ : 236947

ਸਲਾਨਾ ਚੰਦਾ : ਦੇਸ਼ : 50 ਰੁਪਏ, ਵਿਦੇਸ਼ : 500 ਰੁਪਏ
ਲਾਈਫ਼ ਮੈਂਬਰਸ਼ਿਪ : ਦੇਸ਼ : 500 ਰੁਪਏ, ਵਿਦੇਸ਼ : 5000 ਰੁਪਏ,
ਇਕ ਕਾਪੀ : 5 ਰੁਪਏ

ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

1. ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ .... 5 ਜਨਵਰੀ
2. ਜੋੜ ਮੇਲਾ ਸ੍ਰੀ ਮੁਕਤਸਰ .... 14 ਜਨਵਰੀ
3. ਜੋਤੀ ਜੋਤਿ ਭਗਤ ਨਾਮਦੇਵ ਜੀ (ਘੁਮਾਣ) .15 ਜਨਵਰੀ
4. ਜਨਮ ਬਾਬਾ ਦੀਪ ਸਿੰਘ ਜੀ ਸ਼ਹੀਦ ....27 ਜਨਵਰੀ

ਤੱਤਕਰਾ

○ ਪਾਠਕ ਲਿਖਦੇ ਹਨ 2
○ ਸਵਾਲ ? ਜਵਾਬ 4
○ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵੀਚਾਰਧਾਰਾ 8
○ ਅਖੰਡ ਪਾਠ 11
○ ਸਿੱਖ ਵਿਰਸੇ ਨੂੰ ਵਿਗਾੜਨ ਦਾ ਕੋਝਾ ਯਤਨ 14
○ ਫ਼ਤਹਨਾਮਾ ਤੇ ਜ਼ਫਰਨਾਮਾ 15
○ ਕੇਸ ਦਾਨ ਦਾ ਮਹੱਤਵ 17
○ ਗੁਜਰੀ ਦਾ ਲਾਲ ਆਇਆ (ਕਵਿਤਾ) 20
○ ਸਿੱਖ ਨੌਜਵਾਨ ਨੂੰ (ਕਵਿਤਾ) 20
○ ਸਰਕਲਾਂ ਦੀਆਂ ਸਰਗਰਮੀਆਂ 21
○ ਇਨਾਮੀ ਪ੍ਰਤੀਯੋਗਤਾ ਨਵੰਬਰ 1997 ਦੇ ਇਨਾਮ ਜੇਤੂ ... 22
○ ਆਇ ਮਿਲੁ ਗੁਰ ਸਿਖ ਆਇ ਮਿਲੁ (ਵਾਰਤਾਲਾਪ) 23
○ ਸਿੱਖ ਫੁਲਵਾੜੀ ਇਨਾਮੀ ਪ੍ਰਤੀਯੋਗਤਾ ਨਵੰਬਰ 1997 ਦਾ ਸਹੀ ਹੱਲ 26
○ ਇਹ ਹਮਾਰਾ ਜੀਵਣਾ 27
○ ਸਿੱਖ ਆਗੂ ਹੋਇ ਕੈਸਾ 27
○ ਵਰ-ਰਿਸ਼ਤੇ ਦੀ ਲੋੜ 28
○ ਜੰਤਰੀ - 1998 29-40

○ ਵਿਦਵਾਨ ਲੇਖਕਾਂ ਪ੍ਰਤੀ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਵਿਚਲੀਆਂ ਗੁਰਬਾਣੀ ਦੀਆਂ ਤੁਕਾਂ ਸੋਧ ਕੇ, ਉਸਦੇ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ ਜ਼ਰੂਰ ਲਿਖ ਕੇ ਭੇਜਣ।

ਪਾਠਕ ਜੀ ! ਸਿੱਖ ਫੁਲਵਾੜੀ ਦੇ ਲਾਈਫ ਮੈਂਬਰ ਬਣੋ ਜੀ।

ਸਵਾਲ ? ਜਵਾਬ

ਸਵਾਲ—'ਵਾਹੁ ਵਾਹੁ ਬਾਣੀ ਨਿਰੰਕਾਰ ਹੈ......' ਗੁਰਬਾਣੀ ਦੀ ਪੰਕਤੀ ਵਿਚ ਵਾਹੁ ਵਾਹੁ ਦਾ ਸ਼ੁੱਧ ਉਚਾਰਨ ਕੀ ਹੈ ? *—ਸ੍ਰ. ਰਵਿੰਦਰ ਸਿੰਘ, ਗੁਰਦਾਸਪੁਰ*

ਜਵਾਬ—'ਵਾਹੁ ਵਾਹੁ' ਦਾ ਸ਼ੁੱਧ ਉਚਾਰਨ 'ਵਾਹ ਵਾਹ' ਕਰਨਾ ਹੈ। ਔਂਕੜ ਗੁਰਬਾਣੀ ਵਿਆਕਰਨ ਅਨੁਸਾਰ ਲਗੀ ਹੈ, ਜੋ 'ਵਾਂਹ ਵਾਹ' ਨੂੰ ਵਿਸ਼ੇਸ਼ਣ ਹੋਣਾ ਦਰਸਾਉਂਦੀ ਹੈ। ਇਸ ਔਂਕੜ ਦਾ ਵਿਆਕਰਣਿਕ ਨੇਮਾਂ ਅਨੁਸਾਰ ਉਚਾਰਨ ਨਾਲ ਕੋਈ ਸੰਬੰਧ ਨਹੀਂ ਹੈ।

ਸਵਾਲ—ਮਿਠਾ ਕਰਿ ਕੈ ਖਾਇਆ ਪਿਆਰੇ,
ਤਿਨਿ ਤਨਿ ਕੀਤਾ ਰੋਗੁ ॥
ਕਉੜਾ ਹੋਇ ਪਤਿਸਟਿਆ ਪਿਆਰੇ,
ਤਿਸ ਤੇ ਉਪਜਿਆ ਸੋਗੁ ॥

ਇਸ ਤੁੱਕ ਵਿਚ 'ਪਤਿਸਟਿਆ' ਦਾ ਸ਼ੁੱਧ ਉਚਾਰਨ ਕੀ ਹੈ ਅਤੇ ਇਸ ਤੁੱਕ ਦੇ ਅਰਥ ਵੀ ਦੱਸੋ।

—ਸ੍ਰ. ਦਵਿੰਦਰ ਸਿੰਘ, ਸੰਗਰੂਰ

ਜਵਾਬ—ਪਤਿਸਟਿਆ ਨੂੰ ਪਤਿ-ਸਟਿਆ ਜਾਂ ਪ-ਤਿਸਟਿਆ ਪਦ-ਛੇਦ ਕਰਨਾ ਅਸ਼ੁੱਧ ਪਾਠ ਹੈ। ਇਹ ਲਫ਼ਜ਼ ਪਤਿਸਟ ਤੋਂ ਬਣਿਆ ਹੈ ਅਤੇ ਇਸਦਾ ਉਚਾਰਨ ਬਿਨਾ ਪਦ-ਛੇਦ ਕੀਤਿਆਂ 'ਪਤਿਸਟਿਆ' ਹੀ ਹੈ ਅਤੇ ਇਸ ਦਾ ਅਰਥ ਹੈ ਟਿਕ ਗਿਆ। ਪੂਰੀ ਤੁੱਕ ਦੇ ਅਰਥ ਇਸ ਤਰ੍ਹਾਂ ਹਨ—

ਹੇ ਭਾਈ! ਮਨੁੱਖ ਨੇ (ਸਾਰੀ ਉਮਰ ਦੁਨੀਆਂ ਦੇ ਪਦਾਰਥਾਂ ਨੂੰ) ਮਿੱਠੇ ਮੰਨ ਕੇ ਖਾਧਾ, ਉਸ਼ ਮਿੱਠੇ ਨੇ (ਉਸ ਦੇ) ਸਰੀਰ ਵਿੱਚ ਰੋਗ ਪੈਦਾ ਕਰ ਦਿੱਤਾ। ਉਹ ਰੋਗ ਦੁਖਦਾਈ ਹੋ ਕੇ ਸਰੀਰ ਵਿੱਚ ਪੱਕਾ ਟਿਕ ਜਾਂਦਾ ਹੈ ਅਤੇ ਉਸ ਤੋਂ ਚਿੰਤਾ ਪੈਦਾ ਹੁੰਦੀ ਹੈ।

ਸਵਾਲ—ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚ ਨੌਂ ਧੁਨਾਂ ਕਿਸ ਨੇ ਚੜ੍ਹਾਈਆਂ ਸਨ ਅਤੇ ਇਹ ਨੌਂ ਧੁਨਾਂ ਕਿਹੜੀਆਂ ਹਨ ? *— ਸ੍ਰ. ਹਰਜਿੰਦਰ ਸਿੰਘ, ਨਵੀਂ ਦਿੱਲੀ*

ਜਵਾਬ—ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿਥੇ ਰਾਗਾਂ ਅਨੁਸਾਰ ਲਿਖੀ ਹੈ, ਇੱਥੇ ਨਾਲ ਹੀ ਬੀਰ ਰਸ ਪੈਦਾ ਕਰਨ ਲਈ ਪਰਉਪਕਾਰੀ ਸੂਰਬੀਰ, ਪੁਰਸ਼ਾਂ ਦੇ ਨਾਵਾਂ ਦੀਆਂ ਵਾਰਾਂ ਤੇ ਢੰਗ ਪਰ ਗਾਉਣ ਲਈ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਨੌਂ ਧੁਨਾਂ ਚੜ੍ਹਾਈਆਂ ਹਨ।

ਨੌਂ ਧੁਨਾਂ ਇਸ ਪ੍ਰਕਾਰ ਹਨ :

(੧) ਵਾਰ ਮਾਝ ਕੀ ਤਥਾ ਸਲੋਕ ਮ: ੧, ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥

(੨) ਗਉੜੀ ਕੀ ਵਾਰ ਮ: ੫,
ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ।

(੩) ਆਸਾ ਕੀ ਵਾਰ ਮ: ੧,
ਟੁੰਡੇ ਅਸ ਰਾਜੈ ਕੀ ਧੁਨੀ।

(੪) ਗੂਜਰੀ ਕੀ ਵਾਰ ਮ: ੩,
ਸਿਕੰਦਰ ਬਿਰਾਹਿਮ ਕੀ ਧੁਨੀ।

(੫) ਵਡਹੰਸ ਕੀ ਵਾਰ ਮ: ੪,
ਲਲਾਂ ਬਹਿਲੀਮਾ ਕੀ ਧੁਨਿ।

(੬) ਰਾਮਕਲੀ ਕੀ ਵਾਰ ਮ: ੩,
ਜੋਧੈ ਵੀਰੈ ਪੂਰਬਾਣੀ ਕੀ ਧੁਨੀ।

(੭) ਸਾਰੰਗ ਕੀ ਵਾਰ ਮ: ੪,
ਰਾਇ ਮਹਮੇ ਹਸਨੇ ਕੀ ਧੁਨਿ।

(੮) ਵਾਰ ਮਲਾਰ ਕੀ ਮ: ੧,
ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ।

(੯) ਕਾਨੜੇ ਕੀ ਵਾਰ ਮ: ੪, ਮੂਸੇ ਕੀ ਵਾਰ ਕੀ ਧੁਨੀ।

ਸਵਾਲ—'ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ' ਸ਼ਬਦ ਵਿਚ ਕੀ ਬਾਬਾ ਮੋਹਨ ਜੀ ਜੋ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਸਪੁੱਤਰ ਸਨ ਦੀ ਉਸਤਤ ਕੀਤੀ ਗਈ ਹੈ ? *— ਸ੍ਰ. ਨਿਰਮਲ ਸਿੰਘ, ਜੰਮੂ*

ਜਵਾਬ—ਨਹੀਂ, ਇਸ ਸ਼ਬਦ ਵਿਚ 'ਮੋਹਨ' ਲਫ਼ਜ਼ ਪ੍ਰਮਾਤਮਾ ਲਈ ਵਰਤਿਆ ਗਿਆ ਹੈ। ਗੁਰਬਾਣੀ ਵਿਚ ਕਿਸੇ ਵਿਅਕਤੀ ਦੀ ਉਸਤਤ ਨਹੀਂ ਕੀਤੀ ਗਈ ਸਗੋਂ ਪ੍ਰਭੂ ਦੀ ਉਸਤਤ ਹੀ ਕੀਤੀ ਗਈ ਹੈ।

ਸਵਾਲ—ਕੀ ਅੰਮ੍ਰਿਤਧਾਰੀ ਗੁਰਸਿੱਖ ਲਈ ਮੂਰਤੀ ਪੂਜਾ ਕਰਨੀ, ਮੂਰਤੀ ਦਾ ਚਰਨਾਮ੍ਰਿਤ ਲੈਣਾ ਤੇ ਮੱਥੇ ਤੇ ਟਿਕਾ ਲੁਆਉਣਾ, ਅਗਨੀ ਦੇ ਫੇਰੇ ਲੈਣਾ ਉਚਿਤ ਹੈ ?

—ਸ੍ਰ. ਤੇਜਪਾਲ ਸਿੰਘ, ਹੁਸ਼ਿਆਰਪੁਰ

ਜਵਾਬ—ਸਿੱਖ ਧਰਮ ਵਿਚ ਮੂਰਤੀ ਪੂਜਾ ਦੀ ਮਨਾਹੀ ਹੈ ਤੇ ਕੇਵਲ ਇਕ ਅਕਾਲਪੁਰਖ ਦੇ ਸਿਮਰਨ ਦਾ ਵਿਧਾਨ ਹੈ। ਇਸ ਲਈ ਗੁਰਸਿੱਖ ਨੂੰ ਮੂਰਤੀ ਪੂਜਾ ਕਰਨੀ, ਚਰਨਾਮ੍ਰਿਤ ਲੈਣਾ, ਅਗਨੀ ਪੂਜਾ ਕਰਨੀ ਤੇ ਟਿੱਕਾ ਲਗਾਉਣਾ ਸ਼ੋਭਾ ਨਹੀਂ ਦੇਂਦਾ। ਇਹ ਕਰਮ ਮਨਮਤਿ ਦੇ ਹਨ ਗੁਰਮਤਿ ਦੇ ਨਹੀਂ।

ਸਵਾਲ—ਕੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਤੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣਾ ਜ਼ਰੂਰੀ ਹੈ ? *—ਸ੍ਰ. ਸੁਰਿੰਦਰ ਸਿੰਘ, ਅੰਮ੍ਰਿਤਸਰ*

ਜਵਾਬ—ਨਿਸ਼ਾਨ ਸਾਹਿਬ ਦਾ ਪੁਸ਼ਾਕਾ ਜਦੋਂ ਵੀ ਮਧਮ ਪੈ ਜਾਵੇ, ਰੰਗ ਫਿਟ ਜਾਵੇ ਤਾਂ ਉਸੇ ਸਮੇਂ ਬਦਲ ਦੇਣਾ ਚਾਹੀਦਾ ਹੈ। ਜਿਵੇਂ ਅਸੀਂ ਤਨ ਦੇ ਬਸਤਰ ਮੈਲੇ ਹੋਣ ਜਾਂ ਫਟ ਜਾਣ ਤੇ ਪਾਈ

ਨਹੀਂ ਰੱਖਦੇ ਕਿਉਂਕਿ ਚੰਗੇ ਨਹੀਂ ਲੱਗਦੇ ਇਸ ਲਈ ਸਾਲ ਵਿਚ ਜਿੰਨੀ ਵਾਰੀ ਵੀ ਚੋਲਾ ਬਦਲਣਾ ਪਵੇ, ਬਦਲਣਾ ਚਾਹੀਦਾ ਹੈ। ਚੋਲਾ ਬਦਲਣ ਲਈ, ਗੁਰਪੁਰਬਾਂ ਦੇ ਮੌਕੇ ਤੇ ਇਹ ਸੇਵਾ ਨਿਭਾਉਣ ਨਾਲ ਉਤਸ਼ਾਹ ਵਾਲਾ ਮਾਹੌਲ ਪੈਦਾ ਹੋ ਜਾਂਦਾ ਹੈ, ਇਸ ਲਈ ਧਾਰਮਿਕ ਇਕੱਠ ਵਿਚ ਇਹ ਸੇਵਾ ਨਿਭਾਉਣੀ ਚੰਗਾ ਉਤਸ਼ਾਹ ਬਖਸ਼ਦੀ ਹੈ ਤੇ ਸੇਵਾਦਾਰ ਵੀ ਆਸਾਨੀ ਨਾਲ ਮਿਲ ਜਾਂਦੇ ਹਨ। ਉਂਝ ਇਹ ਕੋਈ ਪੱਕੀ ਮਰਯਾਦਾ ਨਹੀਂ ਕਿ ਅੱਗੇ ਪਿੱਛੇ ਚੋਲਾ ਬਦਲਿਆ ਹੀ ਨਹੀਂ ਜਾ ਸਕਦਾ।

ਸਵਾਲ—ਕੀ ਅੰਮ੍ਰਿਤਧਾਰੀ ਸਿੰਘ ਬੈਲਟ ਦੇ ਨਾਲ ਲਟਕਾਈ ਜਾਣ ਵਾਲੀ ਖੰਡਾ ਟਾਈਪ ਕ੍ਰਿਪਾਨ ਪਹਿਨ ਸਕਦਾ ਹੈ ?

ਜਵਾਬ—ਕੌਮੀ ਡਸਿਪਲਨ ਇਸ ਗੱਲ ਦੀ ਮੰਗ ਕਰਦਾ ਹੈ ਕਿ ਸਭ ਗੁਰਸਿੱਖ ਗਾਤਰੇ ਨਾਲ ਕ੍ਰਿਪਾਨ ਧਾਰਨ ਕਰਨ। ਇਸ ਤੋਂ ਇਲਾਵਾ ਹੋਰ ਜਿੰਨੇ ਵੀ ਸ਼ਸਤਰ ਹਨ ਜਿਵੇਂ ਵੀ ਚਾਹੋ ਧਾਰਨ ਕਰ ਸਕਦੇ ਹੋ।

ਸਵਾਲ—ਕੜਾਹ ਪ੍ਰਸ਼ਾਦਿ ਦੀ ਦੇਗ ਤਿਆਰ ਕਰਕੇ ਕੀ ਸ੍ਵੱਛ ਭਾਂਡੇ ਵਿਚ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਲਿਜਾ ਸਕਦੇ ਹਾਂ ਜਾਂ ਕੇਵਲ ਕੜਾਹੀ ਵਿਚ ਹੀ ਲਿਜਾਣੀ ਜ਼ਰੂਰੀ ਹੈ ? *— ਸ੍ਰ. ਬਲਜੀਤ ਸਿੰਘ, ਜਲੰਧਰ*

ਜਵਾਬ—ਜਿਸ ਕੜਾਹੀ ਵਿਚ ਦੇਗ ਤਿਆਰ ਕੀਤੀ ਜਾਂਦੀ ਹੈ, ਉਸ ਵਿਚ ਹੀ ਦੇਗ ਪਾ ਕੇ ਦੀਵਾਨ ਵਿਚ ਲੈ ਜਾਣਾ ਸ਼ੋਭਾ ਨਹੀਂ ਦੇਂਦਾ। ਚੰਗਾ ਤਾਂ ਇਹੀ ਹੈ ਕਿ ਦੇਗ ਠੰਡੀ ਕਰਕੇ ਕਿਸੇ ਸੁੰਦਰ ਪਰਾਤ ਜਾਂ ਕਿਸੇ ਹੋਰ ਸ੍ਵੱਛ ਭਾਂਡੇ ਵਿਚ ਦੀਵਾਨ ਵਿਚ ਲਿਜਾਈ ਜਾਵੇ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਗੁਰਮਤਿ ਮਾਰਤੰਡ ਗ੍ਰੰਥ ਵਿਚ ਦੇਗ ਲਿਜਾਣ ਦੀ ਮਰਯਾਦਾ ਬਾਰੇ ਇਸੇ ਗੱਲ ਤੇ ਜ਼ੋਰ ਦਿੱਤਾ ਹੈ।

ਸਵਾਲ—ਸਹਿਜਧਾਰੀ ਸਿੱਖ ਦਾ ਕੀ ਅਰਥ ਹੈ ?

—ਸ੍ਰ. ਹਰਜੋਤ ਸਿੰਘ, ਚੰਡੀਗੜ੍ਹ

ਜਵਾਬ—ਗੁਰਮਤਿ ਵਿੱਚ ਸਿੱਖ ਉਸਨੂੰ ਕਿਹਾ ਜਾਂਦਾ ਹੈ ਜਿਸਨੇ ਗੁਰੂ ਦੀਖਿਆ ਲਈ ਹੈ, ਭਾਵ ਅੰਮ੍ਰਿਤਪਾਨ ਕੀਤਾ ਹੈ। (ਗੁਰ ਦੀਖਿਆ ਲੈ ਸਿੱਖ ਸਿਧਾਇਆ) ਜਿਸਨੇ ਹਾਲਾਂ ਅੰਮ੍ਰਿਤਪਾਨ ਨਹੀਂ ਕੀਤਾ, ਭਾਵ ਕਿ ਜੋ ਸਿੱਖ ਬਣਨ ਵੱਲ ਵਧ ਰਿਹਾ ਹੈ, ਉਸਨੂੰ 'ਸਹਿਜਧਾਰੀ' ਕਹਿੰਦੇ ਹਨ।

ਜੋ ਪ੍ਰਾਣੀ ਰੋਮਾਂ ਦੀ ਬੇਅਦਬੀ ਕਰਦਾ ਹੈ, ਨਸ਼ਿਆਂ ਦਾ ਸੇਵਨ ਕਰਦਾ ਹੈ, ਉਸ ਨੂੰ ਸਹਿਜਧਾਰੀ ਸਿੱਖ ਨਹੀਂ ਆਖਿਆ ਜਾ ਸਕਦਾ, ਕਿਉਂਕਿ ਉਸਨੇ ਤਾਂ ਅਜੇ ਤੱਕ ਸਿੱਖੀ ਦੇ ਮੁੱਢਲੇ ਅਸੂਲਾਂ ਵੱਲ ਵੀ ਕਦਮ ਨਹੀਂ ਪੁੱਟਿਆ। ਸਹਿਜਧਾਰੀ ਸਿੱਖ ਕੇਵਲ ਉਸੇ ਨੂੰ ਆਖਣਾ ਯੋਗ ਹੈ, ਜਿਸਨੇ ਸਿੱਖੀ ਦੇ ਮੁੱਢਲੇ ਅਸੂਲਾਂ ਨੂੰ ਧਾਰਨ ਕਰ ਲਿਆ ਹੈ ਅਤੇ ਹੋਰ ਅਸੂਲਾਂ ਨੂੰ ਧਾਰਨ ਕਰਨ ਵੱਲ ਵੱਧ ਰਿਹਾ ਹੈ।

ਸਵਾਲ—ਸਾਡੇ ਇੱਕ ਵਾਕਫਕਾਰ ਹਨ। ਉਹ ਰੋਜ਼ਾਨਾ ਗੁਰਦੁਆਰੇ ਜਾਂਦੇ ਹਨ, ਪਾਠ ਪੂਜਾ ਕਰਦੇ ਹਨ, ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕੀਤਾ ਹੋਇਆ ਹੈ ਪਰ ਉਨ੍ਹਾਂ ਦੀ ਬੱਚੀ ਦੇ ਗਲ ਵਿੱਚ ਤਵੀਤ ਪਾਇਆ ਹੋਇਆ ਹੈ। ਬੱਚੀ ਨੂੰ ਕਿਸੇ ਕੋਲ ਜਾਣ ਨਹੀਂ ਦਿੰਦੇ। ਕੀ ਇਹ ਗੁਰਮਤਿ ਅਨੁਸਾਰ ਹੈ ? *—ਬੀਬੀ ਜਸਜੀਤ ਕੌਰ, ਕਪੂਰਥਲਾ*

ਜਵਾਬ—ਸਤਿਗੁਰੂ ਦੀ ਬਾਣੀ ਤੋਂ ਉਲਟ ਹਰ ਅਜੇਹਾ ਕਰਮ ਜਿਹੜਾ ਗੁਰੂ ਦੇ ਸਿੱਖਾਂ ਨੂੰ ਭਰਮ ਭੁਲੇਖਿਆਂ ਅਤੇ ਜਾਦੂ ਟੂਣਿਆਂ ਦੇ ਚੱਕਰ ਵਿਚ ਪਾਉਂਦਾ ਹੈ, ਉਹ ਮਨਮਤਿ ਹੈ। ਸਤਿਗੁਰੂ ਦਾ ਉਪਦੇਸ਼ ਹੈ :

ਰਾਮ ਨਾਮੁ ਜੋ ਜਨੁ ਜਪੈ, ਅਨਦਿਨੁ ਸਦ ਜਾਗੈ।
ਤੰਤੁ ਮੰਤੁ ਨਹ ਜੋਹਈ,
ਤਿਤੁ ਚਾਖੁ ਨ ਲਾਗੈ॥੧॥ ਰਹਾਉ॥

(ਬਿਲਾਵਲੁ, ਮ: ੫, ਪੰਨਾ ੮੧੭-੧੮)

(ਜਿਹੜਾ ਮਨੁੱਖ ਵਾਹਿਗੁਰੂ ਦਾ ਨਾਮ ਜਪਦਾ ਰਹਿੰਦਾ ਹੈ, ਉਹ ਹਰ ਵੇਲੇ ਸਦਾ ਹੀ ਵਿਕਾਰਾਂ ਤੋਂ ਸੁਚੇਤ ਰਹਿੰਦਾ ਹੈ। ਕੋਈ ਜਾਦੂ ਟੂਣਾ (ਤੰਤੁ ਮੰਤੁ) ਉਸ ਉੱਤੇ ਅਸਰ ਨਹੀਂ ਕਰ ਸਕਦਾ, ਕੋਈ ਭੈੜੀ ਨਜ਼ਰ (ਚਾਖੁ) ਉਸਨੂੰ ਲੱਗ ਨਹੀਂ ਸਕਦੀ।

"ਸਿੱਖ ਰਹਿਤ ਮਰਯਾਦਾ" ਵਿੱਚ "ਗੁਰਮਤਿ ਦੀ ਰਹਿਣੀ" ਹੇਠ ਇਉਂ ਲਿਖਿਆ ਹੋਇਆ ਹੈ—

ਜੰਤ੍ਰ-ਮੰਤ੍ਰ-ਤੰਤ੍ਰ, ਸ਼ਗਨ, ਮਹੂਰਤ, ਗ੍ਰਹਿ, ਰਾਸ਼ ਆਦਿ ਭਰਮ ਰੂਪ ਕਰਮਾਂ ਉੱਤੇ ਨਿਸ਼ਚਾ ਨਹੀਂ ਕਰਨਾ।

ਜੇ ਅਸੀਂ ਇਨ੍ਹਾਂ ਆਦੇਸ਼ਾਂ ਤੋਂ ਉਲਟ ਬਿਪਰਨ (ਬ੍ਰਾਹਮਣੀ) ਰੀਤਾਂ ਵਿੱਚ ਫਸ ਕੇ ਆਪਣੇ ਬੱਚਿਆਂ ਦੇ ਗਲਾਂ ਵਿੱਚ ਤਵੀਤ ਪਾਉਂਦੇ ਹਾਂ ਤਾਂ ਅਸੀਂ ਗੁਰੂ ਦੇ ਸਿੱਖ ਕਿਵੇਂ ਅਖਵਾ ਸਕਦੇ ਹਾਂ ?

ਸਵਾਲ—ਪਾਠ ਦੇ ਭੋਗ ਜਾਂ ਦੀਵਾਨ ਦੀ ਸਮਾਪਤੀ ਸਮੇਂ ਗੁਰਦੁਆਰੇ ਵਿੱਚ ਅਨੰਦੁ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਅਤੇ ਕੜਾਹ ਪ੍ਰਸ਼ਾਦਿ ਕਿਰਪਾਨ ਭੇਟ ਕਰਦੇ ਹਨ। ਕੀ ਇਹ ਜ਼ਰੂਰੀ ਹੈ ਤੇ ਕਿਉਂ ?

—ਸ੍ਰ. ਸਰਬਜੀਤ ਸਿੰਘ, ਜਗਰਾਉਂ

ਜਵਾਬ—ਪੰਥਕ ਡਸਿਪਲਿਨ (ਅਨੁਸ਼ਾਸਨ) ਨੂੰ ਮੁੱਖ ਰੱਖਦਿਆਂ ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਸਾਰੇ ਕੰਮ ਸਿੱਖ ਰਹਿਤ ਮਰਯਾਦਾ ਅਨੁਸਾਰ ਕਰੇ। ਇਸ ਸਵਾਲ ਦੇ ਸੰਬੰਧ ਵਿੱਚ ਸਿੱਖ ਰਹਿਤ ਮਰਯਾਦਾ ਵਿੱਚ ਕੜਾਹ ਪ੍ਰਸ਼ਾਦਿ ਦੇ ਸਿਰਲੇਖ ਹੇਠ ਇਉਂ ਲਿਖਿਆ ਹੋਇਆ ਹੈ—

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤ ਨੂੰ ਉੱਚੀ ਆਵਾਜ਼ 'ਚ ਸੁਣਾ ਕੇ ਅਨੰਦੁ ਸਾਹਿਬ ਦੀਆਂ ਪਹਿਲੀਆਂ ਪੰਜ

ਪਉੜੀਆਂ ਤੇ ਅੰਤਲੀ ਇੱਕ ਪਉੜੀ ਦਾ ਪਾਠ ਕੀਤਾ ਜਾਵੇ ਅਤੇ ਅਰਦਾਸਾ ਸੋਧਿਆ ਜਾਵੇ ਤੇ ਪ੍ਰਵਾਨਗੀ ਲਈ ਕਿਰਪਾਨ ਭੇਟ ਹੋਵੇ।

ਸਵਾਲ—ਮਨ ਵਿਚ ਦੁਬਿਧਾ ਹੈ ਕਿ 'ਮਾਸਕ ਧਰਮ' ਦੌਰਾਨ ਪਾਠ ਕਰਨਾ ਜਾਂ ਗੁਰਦੁਆਰੇ ਜਾਣਾ ਚਾਹੀਦਾ ਹੈ ਜਾਂ ਨਹੀਂ?

— ਬੀਬੀ ਨਿਰਮਲਜੀਤ ਕੌਰ

ਜਵਾਬ—ਬਾਣੀ ਦਾ ਫੁਰਮਾਨ ਹੈ—

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥੨॥

(ਆਸਾ ਕੀ ਵਾਰ, ਪੰਨਾ-੪੭੨)

ਭਾਵ ਸੁੱਚਾ ਉਹ ਹੈ ਜਿਸਦੇ ਹਿਰਦੇ ਵਿਚ ਪ੍ਰਭੂ ਪ੍ਰੀਤਮ ਵਸਿਆ ਹੋਇਆ ਹੈ। ਨਿਰਾ ਨਹਾਉਣ ਨਾਲ ਸੁੱਚ ਨਹੀਂ ਹੋ ਸਕਦੀ।

ਵੈਸੇ ਵੀ 'ਮਾਸਕ ਧਰਮ' ਇਕ ਕੁਦਰਤੀ ਕਿਰਿਆ ਹੈ ਅਤੇ ਪ੍ਰਮਾਤਮਾ ਨੇ ਕੋਈ ਐਸੀ ਕਿਰਿਆ ਜਾਂ ਨਿਯਮ ਨਹੀਂ ਬਣਾਇਆ ਜੋ ਪ੍ਰਮਾਤਮਾ ਦਾ ਨਾਮ ਜਪਣ ਵਿਚ ਰੁਕਾਵਟ ਪੈਦਾ ਕਰੇ। ਉਸਦੇ ਬਣਾਏ ਹੋਏ ਨਿਯਮ ਵਿਚ ਕਿਸੇ ਕਿਸਮ ਦਾ ਨੁਕਸ ਨਹੀਂ ਹੁੰਦਾ। ਗੁਰਵਾਕ ਹੈ—

ਪੂਰੇ ਕਾ ਕੀਆ ਸਭ ਕਿਛੁ ਪੂਰਾ,
ਘਟਿ ਵਧਿ ਕਿਛੁ ਨਾਹੀ॥ *(ਪੰਨਾ ੧੪੧੨)*

ਇਸ ਲਈ 'ਮਾਸਕ ਧਰਮ' ਦੌਰਾਨ ਬਾਣੀ ਦਾ ਪਾਠ ਕੀਤਾ ਜਾ ਸਕਦਾ ਹੈ ਅਤੇ ਗੁਰਦੁਆਰੇ ਜਾਇਆ ਜਾ ਸਕਦਾ ਹੈ। ਇਸ ਸੰਬੰਧੀ ਕੋਈ ਵਹਿਮ ਨਹੀਂ ਕਰਨਾ ਚਾਹੀਦਾ।

ਸਵਾਲ—ਅਸੀਂ ਅਰਦਾਸ ਤੋਂ ਬਾਅਦ ਪੜ੍ਹਦੇ ਹਾਂ "ਗੁਰੂ ਗ੍ਰੰਥ ਜੀ ਮਾਨਯੋ ਪ੍ਰਗਟ ਗੁਰਾਂ ਕੀ ਦੇਹ।" ਇਸਦਾ ਕੀ ਮਤਲਬ ਹੈ?

— ਸ੍ਰ. ਗਗਨਦੀਪ ਸਿੰਘ, ਰੋਪੜ

ਜਵਾਬ—ਇਹ ਦੋਹਰਾ ਸਿੱਖਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਸਤਿਕਾਰ-ਸ਼ਰਧਾ ਭਾਵਨਾ ਪ੍ਰਗਟ ਕਰਨ ਲਈ ਪੁਰਾਤਨ ਸਮੇਂ ਤੋਂ ਪੜ੍ਹਿਆ ਜਾ ਰਿਹਾ ਹੈ। ਇਸ ਦਾ ਅਰਥ ਹੈ ਕਿ ਜਿਵੇਂ ਗੁਰੂ ਨਾਨਕ ਪਾਤਸ਼ਾਹ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖ, ਸਤਿਗੁਰੋਂ ਦਾ ਭਉ ਪਿਆਰ ਦਿਲ ਵਿਚ ਵਸਾਉਂਦੇ ਸਨ ਅਤੇ ਉਨ੍ਹਾਂ ਦੇ ਹੁਕਮਾਂ ਨੂੰ ਮੰਨਦੇ ਸਨ, ਬਿਲਕੁਲ ਉਸੇ ਤਰ੍ਹਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਨਮਾਨ ਕਰਨਾ ਹੈ ਅਤੇ ਗੁਰਬਾਣੀ ਦੇ ਦੱਸੇ ਰਾਹ ਉੱਤੇ ਚਲ ਕੇ ਜੀਵਨ ਸਫਲ ਕਰਨਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇਹਧਾਰੀ ਨਹੀਂ ਮੰਨਣਾ ਜਿਵੇਂ ਅੱਜ ਕਲ੍ਹ ਕਈ ਸੰਤਾਂ ਸਾਧਾਂ ਦੇ ਡੇਰਿਆਂ ਤੇ ਸ੍ਰੀ ਗੁਰੂ ਸਾਹਿਬ ਨੂੰ ਭੋਗ ਲਗਾਉਣ ਦੀ ਰੀਤੀ ਪ੍ਰਚਲਤ ਕਰ ਦਿੱਤੀ ਗਈ ਹੈ ਅਤੇ ਸੁਖ-ਆਸਨ ਅਸਥਾਨ ਤੇ ਦਾਤਨ, ਗੜਵਾ, ਪੱਖੇ, ਸਰਦੀਆਂ ਵਿਚ ਰਜਾਈਆਂ ਆਦਿ ਦੀ ਵਰਤੋਂ ਹੋ ਰਹੀ ਹੈ, ਜੋ ਮਨਮਤਿ ਹੈ। ਭਾਵ ਇਹ ਕਿ ਗੁਰਸਿੱਖਾਂ ਨੇ 'ਗੁਰੂ ਜੋਤਿ' ਤੋਂ ਅਗਵਾਈ ਲੈ ਕੇ ਹੀ 'ਜੁਗਤ' ਵਰਤਾਉਣੀ ਹੈ।

ਸਵਾਲ—ਕੀ ਵਾਹਿਗੁਰੂ ਸ਼ਬਦ—ਵਿਸ਼ਨੂੰ ਹਰੀ, ਗੋਬਿੰਦ, ਰਾਮ ਦੇ ਪਹਿਲੇ (ਅੱਖਰਾਂ ਵ, ਹ, ਗ, ਰ) ਦਾ ਜੋੜ ਹੈ?

—ਸ੍ਰ. ਤਰਲੋਚਨ ਸਿੰਘ, ਬਰੇਲੀ

ਜਵਾਬ—'ਵਾਹਿਗੁਰੂ' ਕੇਵਲ ਪ੍ਰਮਾਤਮਾ ਦੀ ਸੰਗਿਆ ਹੀ ਹੈ। ਇਹ ਹਿੰਦੂ ਮਤ ਦੇ ਵਿਸ਼ਨੂੰ, ਹਰੀ, ਗੋਬਿੰਦ ਤੇ ਰਾਮ ਦੇ ਪਹਿਲੇ ਅੱਖਰਾਂ ਦੇ ਜੋੜ ਤੋਂ ਨਹੀਂ ਬਣਿਆ, ਕਿਉਂਕਿ ਇਸ ਦੀ ਕੋਈ ਲੋੜ ਨਹੀਂ ਸੀ। ਗੁਰਬਾਣੀ ਵਿਚ ਇਹਨਾਂ ਹਿੰਦੂ ਦੇਵਤਿਆਂ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ, ਇਸ ਲਈ ਇਨ੍ਹਾਂ ਨੂੰ 'ਵਾਹਿਗੁਰੂ' ਸ਼ਬਦ ਵਿਚ ਸ਼ਾਮਲ ਕਰਨ ਦੀ ਕੋਈ ਲੋੜ ਨਹੀਂ ਸੀ। 'ਵਾਹਿਗੁਰੂ' (ਅਕਾਲ ਪੁਰਖ) ਬਾਰੇ ਗੁਰਬਾਣੀ ਦਾ ਸੰਕਲਪ ਭੀ ਹਿੰਦੂ ਮਤ ਦੇ ਸੰਕਲਪ ਨਾਲੋਂ ਭਿੰਨ ਹੈ। ਹਿੰਦੂ ਮਿਥਿਹਾਸ ਅਤੇ ਦਰਸ਼ਨ ਦੇ ਸਹਾਰੇ ਨਾਲ 'ਵਾਹਿਗੁਰੂ' ਸ਼ਬਦ ਦੀ ਰਚਨਾ ਹੋਣ ਦੀ ਦਲੀਲ ਕੋਈ ਵਜ਼ਨ ਨਹੀਂ ਰੱਖਦੀ।

ਸਵਾਲ—ਸਿੱਖ ਧਰਮ ਵਿੱਚ ਮੜ੍ਹੀਆਂ ਤੇ ਸਮਾਧਾਂ ਨੂੰ ਪੂਜਣ ਦੀ ਮਨਾਹੀ ਹੈ, ਪਰ ਕੁਝ ਥਾਵਾਂ ਤੇ ਪੈਸੇ ਵੀ ਚੜ੍ਹਾਏ ਜਾਂਦੇ ਹਨ ਅਤੇ ਮੱਥਾ ਵੀ ਟੇਕਿਆ ਜਾਂਦਾ ਹੈ, ਜਿਵੇਂ ਗੁਰਦੁਆਰਾ ਝੰਡਾ ਸਾਹਿਬ ਵਿਚ ਗੁਰੂ ਗਰੰਥ ਜੀ ਨੂੰ ਮੱਥਾ ਟੇਕਿਆ ਜਾਂਦਾ ਹੈ। ਇਸੇ ਤਰ੍ਹਾਂ ਕੀਰਤਪੁਰ ਸਾਹਿਬ ਵਿਖੇ ਬਾਬਾ ਬੁੱਢਣ ਸ਼ਾਹ ਦੀ ਸਮਾਧ ਨੂੰ ਮੱਥਾ ਟੇਕਿਆ ਜਾਂਦਾ ਹੈ। ਲੋਕੀਂ ਕਹਿੰਦੇ ਹਨ ਜੇ ਅਜਿਹਾ ਨਾ ਕੀਤਾ ਜਾਵੇ, ਇਸ਼ਨਾਨ ਕੀਤਾ ਲੱਗਦਾ ਨਹੀਂ। ਕ੍ਰਿਪਾ ਕਰਕੇ ਠੀਕ ਉੱਤਰ ਦਿਉ ਜੀ।

— ਸ੍ਰ. ਬੂਟਾ ਸਿੰਘ, ਹਜ਼ੌਲੀ (ਹਰਿਆਣਾ)

ਜਵਾਬ—ਗੁਰੂ ਗੋਬਿੰਦ ਸਿੰਘ ਜੀ 'ਖਾਲਸੇ' ਦੀ ਵਿਆਖਿਆ ਕਰਦੇ ਹਏ ਆਪਣੇ ਇਕ ਸਵੈਯੇ ਵਿੱਚ ਸਪੱਸ਼ਟ ਕਰਦੇ ਹਨ ਕਿ ਗੁਰਸਿੱਖ ਭੁੱਲ ਕੇ ਵੀ ਵਰਤ ਨਾ ਰੱਖੇ, ਕਬਰਾਂ, ਮੜ੍ਹੀਆਂ, ਮੱਠਾਂ ਨੂੰ ਨਾ ਮੰਨੇ। ਉਹ ਸਿਰਫ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਨੂੰ ਨਾ ਮੰਨੇ। ਫੁਰਮਾਣ ਹੈ—

ਜਾਗਤ ਜੋਤਿ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ, ਗੋਰ, ਮੜ੍ਹੀ, ਮਟ ਭੂਲ ਨ ਮਾਨੈ॥

(੩੩ ਸਵੈਯੇ, ਪਾ: ੧੦)

ਮੱਥਾ ਟੇਕਣਾ ਗੁਰੂ ਗ੍ਰੰਥ ਸਾਹਿਬ ਲਈ ਰਾਖਵਾਂ ਹੈ। ਹੋਰ

ਕਿਸੇ ਸਮਾਧ ਆਦਿ ਨੂੰ ਮੱਥਾ ਟੇਕਣ ਵਾਲਾ ਗੁਰੂ ਦਾ ਸਿੱਖ ਨਹੀਂ ਅਖਵਾ ਸਕਦਾ। ਗੁਰਦੁਆਰਿਆਂ ਵਿੱਚ ਕਬਰਾਂ ਦਾ ਹੋਣਾ ਵੀ ਸਿੱਖੀ ਸਿਧਾਂਤਾਂ ਤੋਂ ਅਨਜਾਣ-ਪੁਣਾ ਹੀ ਹੈ। ਇਨ੍ਹਾਂ ਸਮਾਧਾਂ ਆਦਿ ਦਾ ਹੋਣਾ ਤੇ ਪੂਜਣਾ ਮਨਮਤਿ ਹੈ। ਸਿੱਖ ਹਰ ਕਿਸਮ ਦੇ ਵਹਿਮ ਭਰਮ ਤੋਂ ਦੂਰ ਰਹਿੰਦਾ ਹੈ। ਇਹ ਸਾਰਾ ਕੁਝ ਗੁਰਬਾਣੀ ਦੀ ਸਿਖਿਆ ਦੇ ਉਲਟ ਹੈ। ਗੁਰੂ ਸਾਹਿਬ ਦਾ ਫੁਰਮਾਣ ਹੈ—

ਦੁਬਿਧਾ ਨ ਪੜਉ, ਹਰਿ ਬਿਨੁ ਹੋਰ ਨਾ ਪੂਜਉ,
ਮੜੈ ਮਸਾਣਿ ਨ ਜਾਈ॥

(ਸੋਰਠਿ, ਮ: ੧, ਪੰਨਾ ੬੩੪)

ਸਵਾਲ—ਲੋਕੀ ਨਿਸ਼ਾਨ ਸਾਹਿਬ ਨੂੰ ਸਤਿਕਾਰ ਵਜੋਂ ਮੱਥਾ ਟੇਕਦੇ ਹਨ ਅਤੇ ਪੈਸੇ ਵੀ ਚੜ੍ਹਾਉਂਦੇ ਹਨ। ਕੀ ਅਜਿਹਾ ਕਰਨਾ ਠੀਕ ਹੈ ?

ਜਵਾਬ—ਨਿਸ਼ਾਨ ਸਾਹਿਬ ਗੁਰਦੁਆਰੇ ਦੀ ਹੋਂਦ ਦਾ ਪ੍ਰਤੀਕ ਹੈ, ਪਰ ਸਿੱਖ ਧਰਮ ਵਿੱਚ ਮੱਥਾ ਟੇਕਣਾ ਗੁਰੂ ਗਰੰਥ ਸਾਹਿਬ ਲਈ ਹੀ ਰਾਖਵਾਂ ਹੈ। ਮਾਇਆ ਪੰਥਕ ਕਾਰਜਾਂ ਲਈ ਗੋਲਕ ਵਿਚ ਪਾਈ ਜਾਂਦੀ ਹੈ। ਸੋ ਨਿਸ਼ਾਨ ਸਾਹਿਬ ਨੂੰ ਪੈਸੇ ਰੱਖ ਕੇ ਮੱਥਾ ਟੇਕਣਾ ਯੋਗ ਨਹੀਂ ਹੈ।

ਸਵਾਲ—ਹਰ ਰੋਜ਼ ਕੀਰਤਨ ਰਾਹੀਂ ਸੁਣੀਦਾ ਹੈ ਕਿ "ਛਡ ਸਿੰਘਾਸਣ ਹਰਿ ਜੀ ਆਏ।' ਹਰਿ ਜੀ ਦਾ ਮਤਲਬ ਐਥੇ ਅਕਾਲ-ਪੁਰਖ ਦਾ ਹੈ ਪਰ ਕ੍ਰਿਸ਼ਨ ਜੀ ਅਕਾਲਪੁਰਖ ਨਹੀਂ ਸਨ। ਅਕਾਲਪੁਰਖ ਮਰਦਾ, ਜੰਮਦਾ ਨਹੀਂ ਅਤੇ ਨਾ ਹੀ ਉਸਦਾ ਕੋਈ ਰੂਪ, ਰੰਗ ਹੈ। ਇਹ ਬਾਣੀ ਕਿਸਦੀ, ਕਿਥੇ ਲਿਖੀ ਹੈ ? *— ਸ: ਭਗਤ ਸਿੰਘ, ਲੁਧਿਆਣਾ*

ਜਵਾਬ—ਇਹ ਰਚਨਾ, ਸਿੱਖ ਧਰਮ ਦੇ ਮਹਾਨ ਵਿਦਵਾਨ, ਭਾਈ ਗੁਰਦਾਸ ਜੀ ਦੀ ਹੈ। ਇਹ ਉਨ੍ਹਾਂ ਵਲੋਂ ਉਚਾਰਣ ਕੀਤੀ ਦਸਵੀਂ ਵਾਰ ਦੀ ਨੌਵੀਂ ਪਉੜੀ ਹੈ। ਇਸ ਵਾਰ ਵਿਚ ਭਗਤਾਂ ਦੀ ਕਥਾ ਲਿਖੀ ਗਈ ਹੈ।

ਨੌਵੀਂ ਪਉੜੀ ਵਿੱਚ ਭਾਈ ਗੁਰਦਾਸ ਜੀ, ਸ੍ਰੀ ਕ੍ਰਿਸ਼ਨ ਜੀ ਅਤੇ ਉਸ ਦੇ ਬਚਪਨ ਦੇ ਦੋਸਤ ਬ੍ਰਾਹਮਣ ਸੁਦਾਮਾ ਦੀ ਉਦਾਹਰਣ ਦੇ ਕੇ ਦੱਸਦੇ ਹਨ ਕਿ ਸੱਚੇ ਪਿਆਰ ਵਿਚ ਅਮੀਰੀ-ਗਰੀਬੀ ਦੇ ਵਿਤਕਰੇ ਮਿਟ ਜਾਂਦੇ ਹਨ ਅਤੇ ਕੁਰਬਾਨੀ ਤੇ ਸੇਵਾ ਦੇ ਭਾਵ ਜਾਗਦੇ ਹਨ। ਆਪ ਦੱਸਦੇ ਹਨ ਕਿ ਕ੍ਰਿਸ਼ਨ ਜੀ ਗੋਕਲਪੁਰੀ ਦੇ ਰਾਜਾ ਸਨ, ਜਿਨ੍ਹਾਂ ਨੂੰ ਪਰਜਾ, ਭਗਵਾਨ ਤੇ ਅਵਤਾਰ ਮੰਨਦੀ ਸੀ। ਸੁਦਾਮਾ ਉਨ੍ਹਾਂ ਦਾ ਬਚਪਨ ਦਾ ਦੋਸਤ ਸੀ, ਜੋ ਕਿ ਬਹੁਤ ਗਰੀਬ ਸੀ। ਗਰੀਬੀ ਕਾਰਨ ਉਹ ਆਪਣੇ ਮਿੱਤਰ ਸ੍ਰੀ ਕ੍ਰਿਸ਼ਨ ਜੀ ਪਾਸ ਕੇਵਲ ਚਾਵਲ ਹੀ ਲੈ ਕੇ ਗਿਆ। ਕ੍ਰਿਸ਼ਨ ਜੀ ਸਿੰਘਾਸਣ ਤੋਂ ਉੱਠ ਕੇ ਉਸਨੂੰ ਮੁਖ ਦਵਾਰ ਤੇ ਲੈਣ ਆਏ ਤੇ ਗੱਲ ਨਾਲ ਲਾ ਕੇ ਆਪਣੇ ਬਰਾਬਰ ਸਿੰਘਾਸਣ ਤੇ ਬਿਠਾ ਲਿਆ ਅਤੇ ਹਾਲ ਚਾਲ ਪੁੱਛਿਆ। ਉਸਦੇ ਚਾਵਲ ਪ੍ਰਵਾਨ ਕਰਕੇ, ਉਸਨੂੰ ਵਾਪਸ ਛੱਡਣ ਗਏ। ਉਪਰੋਕਤ ਪੰਗਤੀਆਂ ਇਸ ਤਰ੍ਹਾਂ ਹਨ—

'ਦੂਰਹੁੰ ਦੇਖਿ ਡੰਡਉਤਿ ਕਰਿ, ਛਡਿ ਸਿੰਘਾਸਣੁ ਹਰਿ ਜੀ ਆਏ॥
ਪਹਿਲੇ ਦੇ ਪਰਦਖਣਾ, ਪੈਰੀ ਪੈ ਕੈ ਲੈ ਗਲਿ ਲਾਏ॥'

ਇਥੇ 'ਹਰਿ ਜੀ' ਤੋਂ ਭਾਵ ਸ੍ਰੀ ਕ੍ਰਿਸ਼ਨ ਜੀ ਤੋਂ ਹੈ ਨਾ ਕਿ ਅਕਾਲਪੁਰਖ ਤੋਂ। 'ਮਹਾਨ ਕੋਸ਼' ਵਿਚ 'ਹਰਿ' ਦੇ ੪੪ ਅਰਥ ਦਿੱਤੇ ਗਏ ਹਨ, ਜਿਨ੍ਹਾਂ ਵਿਚੋਂ ਇਕ 'ਕ੍ਰਿਸ਼ਨ' ਜੀ ਵੀ ਹੈ।

ਸਵਾਲ—ਹੇਠਲੀਆਂ ਤੁੱਕਾਂ ਵਿਚ ਬਾਲਕ ਇਕ ਥਾਂ ਔਂਕੜ ਨਾਲ ਆਇਆ ਹੈ ਅਤੇ ਇਕ ਥਾਂ ਔਂਕੜ ਤੋਂ ਬਿਨਾਂ ਹੈ। ਬਾਲੁ ਵੀ ਔਂਕੜ ਸਮੇਤ ਹੈ। ਅਜਿਹਾ ਕਿਉਂ ? ਅਰਥ ਦੱਸੋ ਜੀ ?

"ਬਾਲਕੁ ਮਰੈ ਬਾਲਕ ਕੀ ਲੀਲਾ॥
ਕਹਿ ਕਹਿ ਰੋਵਹਿ, ਬਾਲੁ ਰੰਗੀਲਾ॥"

— ਮਾਸਟਰ ਅਵਤਾਰ ਸਿੰਘ, ਪੰਜਵੜ

ਜਵਾਬ—ਬਾਲਕੁ ਤੇ ਬਾਲੁ ਇਕ ਵਚਨ ਪੁਲਿੰਗ ਨਾਂਵ ਰੂਪ ਵਿੱਚ ਵਰਤੇ ਗਏ ਹਨ ਇਸ ਲਈ ਔਂਕੜ ਸਮੇਤ ਆਏ ਹਨ। ਬਿਨ੍ਹਾਂ ਔਂਕੜ ਬਹੁਵਚਨ ਹੋ ਜਾਂਦਾ ਹੈ। ਦੂਸਰਾ "ਬਾਲਕ" ਜੋ ਬਿਨ੍ਹਾਂ ਔਂਕੜ ਤੋਂ ਹੈ ਦੇ ਨਾਲ ਸੰਬੰਧਕੀ ਪਦ "ਕੀ" ਲੱਗਾ ਹੋਇਆ ਹੈ। ਜੇ ਇਕ ਵਚਨ ਪੁਲਿੰਗ ਨਾਂਵ ਨਾਲ ਸੰਬੰਧਕੀ ਪਦ ਆ ਜਾਵੇ ਤਾਂ ਔਂਕੜ ਲੱਥ ਜਾਂਦਾ ਹੈ। ਇਸ ਲਈ ਔਂਕੜ ਨਹੀਂ ਲੱਗਾ ਹੋਇਆ।

ਉਪਰੋਕਤ ਤੁਕਾਂ ਮਾਰੂ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦੇ ਉਚਾਰਣ ਕੀਤੇ ਸ਼ਬਦ ਵਿਚੋਂ ਹਨ। ਇਸ ਸ਼ਬਦ ਦਾ ਪੂਰਾ ਸੱਤਵਾਂ ਪਦਾ ਇਸ ਤਰ੍ਹਾਂ ਹੈ।

ਬਾਲਕੁ ਮਰੈ, ਬਾਲਕ ਕੀ ਲੀਲਾ॥
ਕਹਿ ਕਹਿ ਰੋਵਹਿ, ਬਾਲੁ ਰੰਗੀਲਾ॥
ਜਿਸ ਕਾ ਸਾ, ਸੋ ਤਿਨ ਹੀ ਲੀਆ,
ਭੂਲਾ ਰੋਵਣਹਾਰਾ ਹੇ॥ ੭॥ *(ਪੰਨਾ ੧੦੨੭)*

ਅਰਥ—ਗੁਰੂ ਜੀ ਮਾਇਆ ਦੇ ਮੋਹ ਦਾ ਪ੍ਰਭਾਵ ਸਪੱਸ਼ਟ ਕਰਦੇ ਹਨ ਕਿ ਜਦੋਂ ਕੋਈ ਬਾਲਕ ਮਰਦਾ ਹੈ ਤਾਂ ਮਾਂ ਪਿਉ ਆਦਿ ਉਸ ਬਾਲਕ ਦੀਆਂ ਪਿਆਰ-ਭਰੀਆਂ ਖੇਡਾਂ ਯਾਦ ਕਰਦੇ ਹਨ ਤੇ ਆਖ-ਆਖ ਕੇ ਰੋਂਦੇ ਹਨ ਕਿ ਬਾਲਕ ਬੜਾ ਹਸਮੁੱਖ ਸੀ। ਜਿਸ ਪ੍ਰਭੂ ਦਾ ਭੇਜਿਆ ਹੋਇਆ ਉਹ ਬਾਲਕ ਸੀ ਉਸਨੇ ਉਹ ਵਾਪਸ ਲੈ ਲਿਆ। ਉਸਨੂੰ ਯਾਦ ਕਰਕੇ ਰੋਣ ਵਾਲਾ ਮਾਇਆ ਦੇ ਮੋਹ ਵਿਚ ਫਸ ਕੇ ਜੀਵਨ-ਰਾਹ ਤੋਂ ਖੁੰਝ ਜਾਂਦਾ ਹੈ।

❑❑❑

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ

ਡਾ: ਮਹਿੰਦਰ ਸਿੰਘ ਜੀ, ਪਟਿਆਲਾ

ਸਿੱਖ ਧਰਮ ਵਿਚ ਇਹ ਸਰਬ ਮਾਨਤ ਤੱਥ ਹੈ ਕਿ ਗੁਰੂ ਨਾਨਕ ਦੇਵ ਅਤੇ ਨੌਂ ਗੁਰੂ ਇਕ ਰੂਪ ਭਾਵ ਦਸੇ ਗੁਰੂ ਇਕ ਜੋਤ ਸਨ। ਜਿਵੇਂ ਇਕ ਦੀਵੇ ਤੋਂ ਜਗਾਏ ਹੋਏ ਦੂਜੇ ਦੀਵੇ ਵਿਚ ਉਹੀ ਰੋਸ਼ਨੀ ਹੁੰਦੀ ਹੈ, ਤਿਵੇਂ ਸਤਿਗੁਰਾਂ ਵਿਚ ਆਤਮਿਕ ਜੋਤ ਇਕੋ ਹੈ —

ਦੀਪਕ ਤੇ ਦੀਪਕੁ ਪਰਗਾਸਿਆ
ਤ੍ਰਿਭਵਣ ਜੋਤਿ ਦਿਖਾਈ ॥
(ਰਾਮਕਲੀ, ਮਹਲਾ ੧, ਅਸਟਪਦੀ ਅਠਵੀਂ, ਪੰਨਾ ੯੦੭)

ਜੋਤਿ ਓਹਾ ਜੁਗਤਿ ਸਾਇ,
ਸਹਿ ਕਾਇਆ ਫੇਰਿ ਪਲਟੀਐ ॥ *(ਪੰਨਾ ੯੬੬)*
ਨਾਨਕੁ ਤੂ ਲਹਿਣਾ ਤੂਹੈ,
ਗੁਰੁ ਅਮਰੁ ਤੂ ਵੀਚਾਰਿਆ ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥ *(ਪੰਨਾ ੯੬੮)*

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਸੀਸ 'ਤੇ ਬਾਦਸ਼ਾਹੀ ਕਲਗੀ ਸਜਾ ਲਈ, ਸ਼ਸਤਰ-ਤਲਵਾਰ, ਤੀਰ ਕਮਾਨ, ਢਾਲ ਅਤੇ ਚੱਕਰ ਆਦਿ ਧਾਰਨ ਕਰ ਲਏ, ਆਪਣੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦੀ ਸਖਤ ਹਦਾਇਤ ਕਰ ਦਿਤੀ, ਘੋੜ ਸਵਾਰੀ, ਤੀਰ ਕਮਾਨ, ਬੰਦੂਕ ਚਲਾਉਣੀ ਅਤੇ ਹੋਰ ਸਭ ਪ੍ਰਕਾਰ ਦੇ ਸ਼ਸਤਰਾਂ-ਅਸਤਰਾਂ ਦੀ ਸਿਖਲਾਈ ਕਰਵਾ ਦਿਤੀ, ਨਿਸ਼ਾਨ ਝੁਲਾ ਦਿਤੇ, ਭਾਰੀ ਨਗਾਰੇ ਵੱਜਣ ਲੱਗੇ, ਢਾਡੀ ਬੀਰ-ਰਸੀ ਕਵਿਤਾਵਾਂ ਗਾਉਣ ਲਗੇ, ਤੇਗ ਵਾਹੁਣੀ, ਬੰਦੂਕ ਦੇ ਨਿਸ਼ਾਨੇ, ਤੀਰ-ਅੰਦਾਜ਼ੀ ਗਤਕਾ ਅਤੇ ਨੇਜ਼ਾਬਾਜ਼ੀ ਨਾਲ ਹੀ ਘੋੜ-ਸਵਾਰੀ ਦੇ ਮੁਕਾਬਲੇ ਹੋਣ ਲਗੇ। ਫੌਜ ਰੱਖ ਲਈ ਗਈ। ਲੋੜ ਪੈਣ ਤੇ ਯੁਧਾਂ ਜੰਗਾਂ ਵਿਚ ਸ਼ਹੀਦੀਆਂ ਤੇ ਜਿੱਤਾਂ ਪ੍ਰਾਪਤ ਕੀਤੀਆਂ ਗਈਆਂ ਪਰ ਕਿਤੇ ਵੀ ਤੇ ਕਦੇ ਵੀ ਕਾਇਰਤਾ ਨੇੜੇ ਨਹੀਂ ਆਉਣ ਦਿਤੀ।

ਉਪਰੋਕਤ ਹਾਲਾਤ ਤੇ ਵਾਤਾਵਰਣ ਅਤੇ ਗੁਰੂ ਸਾਹਿਬ ਦੇ ਯੁਧਾਂ ਜੰਗਾਂ ਦੇ ਮਹਾਨ ਕਾਰਨਾਮਿਆਂ ਨੂੰ ਵੇਖ ਕੇ ਕੁਝ ਭੋਲੇ ਲੋਕ ਇਹ ਗਲਤ ਅਨੁਮਾਨ ਲਾ ਲੈਂਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਰਾਹ ਪ੍ਰੇਮਾ-ਭਗਤੀ ਜਾਂ ਈਸ਼ਵਰ ਭਗਤੀ ਨਾਲੋਂ ਕੋਈ ਵੱਖਰਾ ਰਾਹ ਅਪਣਾ ਲਿਆ ਸੀ।

ਵਾਸਤਵ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਉਹੀ ਸੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੀ। ਉਹ ਉਨ੍ਹਾਂ ਦੇ ਚਲਾਏ ਰਾਹ ਉਤੇ ਹੀ ਕਾਇਮ ਸਨ, ਬਲਕਿ ਦਸੇ ਗੁਰੂਆਂ ਦਾ ਇਕੋ ਸਾਂਝਾ ਉਦੇਸ਼ ਸੀ, ਅਨੁਭਵੀ-ਪ੍ਰਕਾਸ਼, ਦਿਵ-ਦ੍ਰਿਸ਼ਟੀ ਅਤੇ ਦੀਰਘ ਵਿਚਾਰ ਰਾਹੀਂ ਸੋਚਿਆ ਸਮਝਿਆ ਇਕ ਵਿਉਂਤਬਧ ਯੋਜਨਾ ਜਾਂ ਪ੍ਰਯੋਜਨ ਸੀ, ਜਿਸ ਉਤੇ ਅਮਲ ਹੋ ਰਿਹਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਵੇਖਿਆ ਕਿ ਰਾਜਪੂਤ ਰਾਜੇ ਜੋ ਆਪਣੀ ਬਹਾਦਰੀ ਕਰਕੇ ਪ੍ਰਸਿਧ ਸਨ, ਦਿੱਲੀ ਦੇ ਬਾਦਸ਼ਾਹ ਨੂੰ ਆਪਣੀਆਂ ਲੜਕੀਆਂ ਦਾ ਡੋਲਾ ਦੇ ਕੇ ਇਸ ਵਿਚ ਆਪਣੀ ਵਡਿਆਈ ਸਮਝਣ ਲਗ ਪਏ ਸਨ।

ਭਾਰਤੀਆਂ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜੇ, ਅਕਹਿ ਅਤਿਆਚਾਰਾਂ ਹੇਠਾਂ ਲਿਤਾੜੇ, ਅਣਖਹੀਨ ਹੋਏ, ਮੌਤ ਦੇ ਭੈ ਹੇਠ ਧਰਮ ਤੇ ਸਭਿਅਤਾ ਨੂੰ ਤਲਾਂਜਲੀ ਦਿੰਦੇ ਵੇਖ ਕੇ ਗੁਰੂ ਸਾਹਿਬ ਗੰਭੀਰ ਹੋ ਜਾਂਦੇ ਸਨ। ਉਨ੍ਹਾਂ ਦੇ ਸਨਮੁਖ, ਕੁਝ ਗੰਭੀਰ ਮਸਲੇ ਸਨ —

੧. ਭਾਰਤੀਆਂ ਨੂੰ ਫੋਕਟ ਕਰਮ ਕਾਂਡ ਦੇ ਪਾਖੰਡਾਂ ਅਤੇ ਅਖੌਤੀ ਦੇਵੀ ਦੇਵਤਿਆਂ ਦੀ ਪੂਜਾ ਵਿਚੋਂ ਕੱਢ ਕੇ ਇਕੋ ਅਕਾਲ ਪੁਰਖ ਦੀ ਉਪਾਸ਼ਨਾ ਦੀ ਕਿਵੇਂ ਲਿਵ ਲਾਈ ਜਾਵੇ, ਤਾਂਕਿ ਇਨ੍ਹਾਂ ਅੰਦਰ ਮੁੜ ਆਤਮਕ ਬਲ ਸੁਰਜੀਤ ਹੋ ਜਾਵੇ।

੨. ਜਾਤ ਪਾਤ ਤੇ ਉਚ ਨੀਚ ਦੇ ਬੰਧਨਾਂ ਨੂੰ ਤੋੜ ਕੇ ਮਨੁਖਤਾ ਦੀ ਸਮਾਨਤਾ ਕਿਵੇਂ ਕਾਇਮ ਕੀਤੀ ਜਾਵੇ।

੩. ਮੌਤ ਦਾ ਭੈ ਦੂਰ ਕਰ ਕੇ ਆਪਣੇ ਧਰਮ ਦੇ ਅਸੂਲਾਂ ਤੇ ਦ੍ਰਿੜ ਰਹਿਣ ਦੇ ਸਮਰਥ ਕਿਵੇਂ ਬਣਾਇਆ ਜਾਵੇ।

੪. ਅਨਿਆਂ ਅਤੇ ਅਤਿਆਚਾਰਾਂ ਦਾ ਟਾਕਰਾ ਕਰਨ ਦੀ ਸਮਰਥਾ ਤੇ ਕੁਰਬਾਨੀ ਦੇਣੀ ਅਤੇ ਮਨੁੱਖੀ ਭਾਈਚਾਰੇ ਵਿਚ ਨਿਸ਼ਕਾਮ ਸੇਵਾ ਦੀਆਂ ਭਾਵਨਾਵਾਂ ਪੈਦਾ ਕੀਤੀਆਂ ਜਾਣ।

੫. ਭਾਰਤੀਆਂ ਅੰਦਰ ਆਪਣੇ ਮੁਢਲੇ ਹੱਕਾਂ ਦੀ ਰਾਖੀ ਕਰਨ ਦਾ ਬਲ ਪੈਦਾ ਕੀਤਾ ਜਾਵੇ, ਤਾਂ ਕਿ ਸਦੀਆਂ ਦੀ ਗੁਲਾਮੀ ਤੋਂ ਇਹ ਛੁਟਕਾਰਾ ਪਾ ਸਕਣ।

ਸੋਚਿਆਂ ਪਤਾ ਲਗਦਾ ਹੈ ਕਿ ਇਹ ਕਿਤਨਾ ਭਾਰੀ ਤੇ ਕਠਨ ਕਾਰਜ ਸੀ। ਅੰਗਰੇਜ਼ਾਂ ਦੀ ਕੇਵਲ ਦੋ ਸਦੀਆਂ ਦੀ ਗੁਲਾਮੀ ਤੋਂ ਨਿਜਾਤ ਲਈ ਜਨਤਾ ਨੂੰ ਕਿਤਨੇ ਸੰਘਰਸ਼ਾਂ ਵਿਚੋਂ ਗੁਜ਼ਰਨਾ ਪਿਆ ਸੀ। ਉਦੋਂ ਤਾਂ ਭਾਰਤੀਆਂ ਨੂੰ ਗੁਲਾਮੀ, ਅੰਧ-ਵਿਸ਼ਵਾਸ ਤੇ ਅਗਿਆਨਤਾ ਵਿਚ ਦਿਨ-ਕੱਟੀ ਕਰਦਿਆਂ ਛੇ ਸਦੀਆਂ ਤੋਂ ਵੀ ਵੱਧ ਸਮਾਂ ਬੀਤ ਚੁਕਿਆ ਸੀ। ਦਿੱਲੀ ਦੀ ਹਕੂਮਤ ਦੀਆਂ ਕਿਤਨੀਆਂ ਡੂੰਘੀਆਂ ਜੜ੍ਹਾਂ ਸਨ ਤੇ ਕਿੰਨੀ ਵਿਸ਼ਾਲ ਸ਼ਕਤੀ ਉਹ ਸਾਂਭੀ ਬੈਠੀ ਸੀ। ਗੁਰੂ ਬਾਬੇ ਕੋਲ ਕੇਵਲ ਆਪਣੀ ਸ਼ੁਧ ਵਿਚਾਰਧਾਰਾ ਤੋਂ ਬਿਨਾਂ ਕੋਈ ਵਸੀਲਾ ਨਹੀਂ ਸੀ। ਉਸ ਸਮੇਂ ਪ੍ਰਚਾਰ ਦੇ ਵੀ ਕੋਈ ਸਾਧਨ ਨਹੀਂ ਸਨ। ਜਦ ਕਿਸੇ ਕੌਮ ਵਿਚ ਬੜਾ ਭਾਰੀ ਪਰਿਵਰਤਨ ਜਾਂ ਇਨਕਲਾਬ ਲਿਆਉਣਾ ਹੋਵੇ ਤਾਂ ਪਹਿਲਾਂ ਲੋਕਾਂ ਨੂੰ ਮਾਨਸਿਕ

ਤੌਰ ਤੇ (Mentally) ਤਿਆਰ ਕਰਨਾ ਪੈਂਦਾ ਹੈ, ਜਿਸ ਲਈ ਬੜੇ ਸਮੇਂ ਦੀ ਲੋੜ ਹੈ।

ਸੋ ਗੁਰੂ ਬਾਬੇ ਨੇ ਸੋਚਿਆ ਕਿ ਪ੍ਰਥਮ ਤੇ ਪ੍ਰਮੁਖ ਲੋੜ ਆਤਮਕ ਬਲ ਦੀ ਹੈ। ਇਸ ਮੰਤਵ ਲਈ ਭਾਰਤੀਆਂ ਨੂੰ ਪ੍ਰਮਾਤਮਾ ਦੀ ਸੋਝੀ ਦੇ ਕੇ ਉਸ ਦੀ ਪੂਜਾ ਵਿਚ ਜੋੜਿਆ ਜਾਵੇ ਤਾਂ ਕਿ ਹੋਰਨਾਂ ਦੇਵੀ ਦੇਵਤਿਆਂ ਦੇ ਵਹਿਮਾਂ ਭਰਮਾਂ ਵਿਚੋਂ ਨਿਕਲ ਆਉਣ ਤੇ ਇਨ੍ਹਾਂ ਦੇ ਅਮਲੀ ਜੀਵਨ ਨੂੰ ਸੱਚਾ ਸੁੱਚਾ ਬਣਾਇਆ ਜਾਵੇ। ਇਸ ਤਰ੍ਹਾਂ ਇਨ੍ਹਾਂ ਅੰਦਰ ਆਤਮਕ ਬਲ ਪੈਦਾ ਹੋ ਜਾਵੇਗਾ। ਸੋ ਇਸ ਪ੍ਰਯੋਜਨ ਲਈ ਭਾਰਤ ਅੰਦਰ ਸਭ ਥਾਈਂ ਸੰਗਤਾਂ ਕਾਇਮ ਕੀਤੀਆਂ ਗਈਆਂ। ਨਾਮ-ਸਿਮਰਨ, ਕੀਰਤਨ ਅਤੇ ਮਨੁਖੀ ਸੇਵਾ ਦੀ ਲਹਿਰ ਚਲਾਈ ਗਈ। ਭਰਾਤਰੀ ਭਾਵ, ਮਨੁਖਤਾ ਦੀ ਸਮਾਨਤਾ ਅਤੇ ਉਚ ਨੀਚ ਦੇ ਵਿਤਕਰੇ ਨੂੰ ਦੂਰ ਕਰਨ ਲਈ ਸਾਂਝੇ ਲੰਗਰ, ਸਾਂਝੀਆਂ ਪੰਗਤਾਂ ਦੀ ਪਰਪਾਟੀ ਚਲਾਈ ਗਈ। ਇਸ ਪ੍ਰੋਗਰਾਮ ਉਤੇ ਜਦ ਲਗਭਗ ਸਵਾ ਸੌ ਸਾਲ ਅਮਲ ਹੁੰਦਾ ਰਿਹਾ ਤਾਂ ਇਸ ਦੇ ਨਤੀਜੇ ਵਜੋਂ ਆਤਮਕ ਬਲ ਦਾ ਪੰਜਵੇਂ ਨਾਨਕ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਪ੍ਰਦਰਸ਼ਨ (Demonstration) ਕੀਤਾ। ਇਹ ਆਤਮਕ ਬਲ ਦੀ ਇਕ ਸਿਖਰਾਂ ਦੀ ਪਰਖ ਸੀ। ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ ਅਤੇ ਰੇਤਾਂ ਦੇ ਕੜਛੇ ਬੁਰੀ ਤਰ੍ਹਾਂ ਫੇਲ੍ਹ ਹੋਏ। ਉਹ ਮਨ ਨਾ ਡਰਿਆ, ਨਾ ਡੋਲਿਆ, ਬਿਲਕੁਲ ਸ਼ਾਂਤੀ ਵਿਚ ਟਿਕਿਆ ਰਿਹਾ। ਗੁਰੂ ਵਿਅਕਤੀਆਂ ਦੀ ਹੀ ਇਹ ਵਿਸ਼ੇਸ਼ਤਾ ਹੈ ਜੋ ਉਹ ਚਾਹੁੰਦੇ ਸਨ, ਜਾਂ ਬਚਨ ਉਚਾਰਦੇ ਸਨ, ਉਸ ਨੂੰ ਪਹਿਲਾਂ ਆਪਣੇ ਅਮਲੀ ਜੀਵਨ ਵਿਚ ਲਿਆਉਂਦੇ ਸਨ। ਇਸ ਤਰ੍ਹਾਂ ਆਤਮਕ ਬਲ ਦੀ ਪ੍ਰਾਪਤੀ ਦੀ ਤਸੱਲੀ ਹੋਣ ਮਗਰੋਂ ਹੁਣ ਸਰੀਰਕ ਬਲ ਜਾਂ ਸ਼ਕਤੀ ਦੀ ਲੋੜ ਸਮਝੀ ਗਈ ਛੇਵੇਂ ਗੁਰੂ ਨਾਨਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਫੁਰਮਾਇਆ : "**ਦੋ ਤਲਵਾਰਾਂ ਲਿਆਓ, ਉਹ ਪਹਿਨਾਂਗੇ। ਇਕ ਪੀਰੀ ਦੀ, ਇਕ ਮੀਰੀ ਦੀ।**" ਕਸਰਤ ਲਈ ਅਖਾੜੇ ਕਾਇਮ ਹੋਏ, ਘੋੜ-ਸਵਾਰੀ ਸ਼ਸ਼ਤਰ ਵਿਦਿਆ ਦੇ ਅਭਿਆਸ ਆਰੰਭ ਹੋਏ। ਸ਼ਾਹੀ ਤਖ਼ਤ ਭਾਵ ਅਕਾਲ ਤਖ਼ਤ ਦੀ ਸਿਰਜਣਾ ਹੋਈ। ਸੀਸ ਤੇ ਕਲਗੀ ਸਜਾਈ ਗਈ। ਜਨਤਾ ਲਈ ਭਾਵ ਸਿੱਖਾਂ ਲਈ ਉਹ '**ਸੱਚਾ ਪਾਤਸ਼ਾਹ**' ਸਨ। ਨਿਆਂ ਦੇ ਫੈਸਲੇ ਹੋਣ ਲਗੇ। ਅਣਖ ਜਾਗ ਉੱਠੀ, ਹੀਣਤਾ ਭਾਵ (inferiority complex) ਜਾਂਦਾ ਰਿਹਾ। ਬਾਦਸ਼ਾਹੀ ਫ਼ੌਜਾਂ ਨਾਲ ਇਕ ਵਾਰੀ ਨਹੀਂ ਚਾਰ ਵਾਰ ਸਿੱਧੀ ਟੱਕਰ ਹੋਈ। ਹਰ ਵਾਰ ਫਤਹਿ ਪ੍ਰਾਪਤ ਹੁੰਦੀ ਰਹੀ।

ਆਤਮਕ ਬਲ ਦੇ ਨਾਲ ਨਾਲ ਸਰੀਰਕ ਬਲ ਤੇ ਅਣਖ ਵੀ ਆ ਗਈ। ਅਣਖੀ ਜੀਵਨ ਜੀਉਣ ਦੀ ਜਾਚ ਆਈ—ਅੰਮ੍ਰਿਤ ਵੇਲੇ ਕੀਰਤਨ, ਸ਼ਾਮ ਨੂੰ ਕੁਸ਼ਤੀਆਂ, ਖੇਡਾਂ, ਘੋੜ ਸਵਾਰੀ, ਸ਼ਸਤਰਾਂ ਦੀ ਜਾਚ ਸਿਖਲਾਈ—ਇਸ ਤਰ੍ਹਾਂ ਭਗਤੀ ਸ਼ਕਤੀ ਦਾ ਸੁਮੇਲ ਹੋਇਆ। ਭਾਵ ਭਗਤੀ ਦੀ ਰਾਖੀ ਲਈ ਸ਼ਕਤੀ ਵੀ ਕਾਇਮ ਹੋ ਗਈ। ਜੇਕਰ ਅਜਿਹਾ ਨਾ ਹੁੰਦਾ ਤਾਂ ਭਗਤੀ ਦੀ ਲਹਿਰ ਸਫਲ ਨਾ ਹੁੰਦੀ। ਇਸ ਮਾਰਗ ਦੇ ਸ਼ਰਧਾਲੂ ਨਿਰਉਤਸ਼ਾਹ ਹੁੰਦੇ ਅਤੇ ਧਰਮ ਗਿਰਾਵਟ ਵਿਚ ਚਲੇ ਜਾਂਦੇ, ਜਿਸ ਤਰ੍ਹਾਂ ਪਹਿਲਾਂ ਭਾਰਤ ਅੰਦਰ ਭਗਤੀ ਲਹਿਰ ਸਫਲ ਹੋ ਕੇ ਨਹੀਂ ਸੀ ਨਿਭ ਸਕੀ। **ਸ਼ਕਤੀ ਹੀਨ ਭਗਤੀ ਸੁਰਖਿਅਤ ਨਹੀਂ।**

ਇਹ ਭਗਤੀ-ਸ਼ਕਤੀ ਦੇ ਸੁਮੇਲ ਦੀ ਠਾਠ ਅਗਲੇ ਗੁਰੂ ਵਿਅਕਤੀਆਂ ਤਕ ਚਲਦੀ ਰਹੀ। ਪਰਚਾਰ ਹੁੰਦਾ ਰਿਹਾ। ਗੁਰਬਾਣੀ ਦੇ ਪਾਠ, ਵਿਚਾਰ ਤੇ ਅਭਿਆਸ, ਕੀਰਤਨ ਹੁੰਦੇ ਰਹੇ। ਲੋਕ ਵਹਿਮਾਂ ਭਰਮਾਂ ਵਿਚੋਂ ਨਿਕਲ ਕੇ ਇਕ ਪ੍ਰਮਾਤਮਾ ਦੇ ਉਪਾਸ਼ਕ ਬਣਦੇ ਰਹੇ। ਦ੍ਰਿੜ ਵਿਸ਼ਵਾਸ, ਆਤਮ-ਵਿਸ਼ਵਾਸ, ਸਵੈ ਸਤਿਕਾਰ ਅਤੇ ਉਤਸ਼ਾਹ ਆਦਿ ਗੁਣ ਆ ਗਏ।

ਨੌਂਵੇਂ ਗੁਰੂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਕੇਰਾਂ ਫੇਰ ਅਤਿਆਚਾਰਾਂ ਦੀ ਇਕ ਜ਼ਬਰਦਸਤ ਹਨੇਰੀ ਆਈ ਜੋ ਭਾਰਤੀ ਧਰਮਾਂ ਤੇ ਸੰਸਕ੍ਰਿਤੀ ਨੂੰ ਉਡਾ ਕੇ ਲੈ ਜਾਣ ਲਗੀ। ਉਸ ਸਮੇਂ ਗੁਰੂ ਸਾਹਿਬ ਨੇ ਫੁਰਮਾਇਆ ਕਿ ਧਰਮ ਦੀ ਰਾਖੀ ਜੀਵਨ ਦੇ ਕੇ ਹੀ ਹੋ ਸਕਦੀ ਹੈ। ਮਨੁੱਖ ਨੂੰ ਆਪਣੇ ਜੀਵਨ ਨਾਲੋਂ ਧਰਮ ਪਿਆਰਾ ਹੋਣਾ ਚਾਹੀਦਾ ਹੈ। ਇਸ ਸੁਝਾਓ ਨੂੰ ਵੀ ਗੁਰੂ ਸਾਹਿਬ ਨੂੰ ਆਪਣੇ ਜੀਵਨ ਵਿਚ ਅਮਲ ਵਿਚ ਲਿਆਉਣਾ ਪਿਆ ਤਾਂ ਕਿ ਲੋਕ ਇਸ ਸਬਕ ਨੂੰ ਚੰਗੀ ਤਰ੍ਹਾਂ ਦ੍ਰਿੜ ਕਰ ਲੈਣ। ਨਾਲ ਹੀ ਗੁਰੂ ਸਾਹਿਬ ਨੇ ਇਕ ਨਾਅਰਾ ਲਾਇਆ : "**ਨਾ ਕਿਸੇ ਤੋਂ ਡਰੋ, ਨਾ ਕਿਸੇ ਨੂੰ ਡਰਾਓ।**" ਪਹਿਲਾਂ ਲੋਕ ਮੌਤ ਦੇ ਭੈ ਕਾਰਨ ਹੀ ਆਪਣੇ ਧਰਮ ਤੋਂ ਗਿਰ ਜਾਂਦੇ ਸਨ। ਇਸ ਉਪਰੰਤ ਲੋਕਾਂ ਨੇ ਦਲੇਰੀ ਫੜੀ, ਸ਼ਹੀਦੀਆਂ ਦੀ ਲੜੀ ਚਲੀ। ਉਹ ਹੱਸ ਹੱਸ ਮੌਤ ਕਬੂਲਦੇ ਸਨ ਪਰ ਧਰਮ ਨੂੰ ਤਲਾਂਜਲੀ ਨਹੀਂ ਦਿੰਦੇ ਸਨ।

ਆਪਣੇ ਪੂਜਨੀਕ ਪਿਤਾ ਦੀ ਸ਼ਹਾਦਤ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਚੰਗੇ ਉਸਤਾਦ ਵਾਂਗ ਪਹਿਲੇ ਨੌਂ ਗੁਰੂ ਸਾਹਿਬਾਨ ਨੇ ਦਿਤੇ ਸਬਕਾਂ ਦੀ ਦੁਹਰਾਈ (revision) ਕਰਵਾ ਕੇ ਦ੍ਰਿੜ ਕਰਵਾਉਣਾ ਅਤੇ ਸੰਪੂਰਨਤਾ ਲਿਆਉਣੀ ਚਾਹੀ।

ਇਕ ਮਹਾਨ ਪਵਿਤਰ ਆਤਮਾ ਦੀ ਕੁਰਬਾਨੀ ਮਗਰੋਂ ਵੀ ਅਨਿਆਈ ਬਾਦਸ਼ਾਹ ਦਾ ਦਿਲ ਨਾ ਦ੍ਰਵਿਆ। ਅਤਿਆਚਾਰਾਂ ਦਾ ਸਿਲਸਿਲਾ ਜਾਰੀ ਰਿਹਾ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜ਼ੁਲਮ ਦੇ ਟਾਕਰੇ ਲਈ ਤਲਵਾਰ ਉਤੇ ਹੱਥ ਲਜਾਣ ਲਈ ਹੱਕ ਬਜਾਨਬ ਹੋ ਗਏ —

ਚੂ ਕਾਰ ਅਜ਼ ਹਮਾ ਹੀਲਤੇ, ਦਰ ਗੁਜ਼ੱਸ਼ਤ ॥
ਹਲਾਲਅਸਤ ਬੁਰਦਨ ਬ ਸ਼ਮਸ਼ੀਰਿ ਦਸਤ ॥

ਬਸ ਫੇਰ ਹਰ ਪ੍ਰਕਾਰ ਦੇ ਸ਼ਸ਼ਤਰ ਅਤੇ ਵਧੀਆ ਘੋੜੇ

ਆਉਣ ਲਗੇ। ਸਭ ਸਿਖਾਂ ਨੂੰ ਸ਼ਸ਼ਤ੍ਰਧਾਰੀ ਹੋਣ ਦਾ ਹੁਕਮ ਹੋ ਗਿਆ। ਯੋਧਿਆਂ ਦੀਆ ਬੀਰ ਰਸੀ ਵਾਰਾਂ ਗਾਈਆਂ ਜਾਣ ਲਗੀਆਂ। ਬੀਰ ਰਸੀ ਕਵਿਤਾਵਾਂ ਦਾ ਉਚਾਰਨ ਹੋਣ ਲੱਗਾ। ਆਪਣੇ ਪੂਜਨੀਕ ਦਾਦੇ ਵਾਂਗ ਕਲਗੀ ਸਜਾ ਲਈ। ਬੀਰ ਯੋਧਿਆਂ ਦੀ ਫੌਜ ਕਾਇਮ ਹੋ ਗਈ। ਨਗਾਰੇ ਦੀ ਚੋਟ ਨਾਲ ਪਹਾੜ ਗੂੰਜਣ ਲਗੇ। ਗੁਰਮਤਿ ਦੇ ਮੁਢਲੇ ਸਿਧਾਂਤ ਅਨੁਸਾਰ ਸਿੱਖਾਂ ਨੂੰ ਸਖਤ ਹਦਾਇਤ ਹੋ ਗਈ —

ਬਿਨ ਕਰਤਾਰ ਨ ਕਿਰਤਮ ਮਾਨੋ ॥

ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸ਼ਰ ਜਾਨੋ ॥

(ਰਾਗ ਕਲਿਆਣ, ਪਾਤਸ਼ਾਹੀ ੧੦)

ਜਾਪੁ ਸਾਹਿਬ, ਅਕਾਲ ਉਸਤਤਿ ਆਦਿ ਬਾਣੀਆਂ ਦੀ ਰਚਨਾ ਹੋਈ। ਆਸਾ ਕੀ ਵਾਰ ਦੇ ਕੀਰਤਨ ਦਾ ਜੰਗ ਸਮੇਂ ਵੀ ਨਾਗਾ ਨਹੀਂ ਪੈਣ ਦਿਤਾ ਨਾਲੋ ਨਾਲ ਘੋੜ ਸਵਾਰੀ, ਸ਼ਸ਼ਤਰ ਵਿਦਿਆ ਵਿਚ ਸਭ ਸਿੱਖ ਨਿਪੁੰਨਤਾ ਪ੍ਰਾਪਤ ਕਰ ਰਹੇ ਸਨ। ਇਸ ਤਰ੍ਹਾਂ ਭਗਤੀ ਸ਼ਕਤੀ ਦਾ ਅਭਿਆਸ ਬਰਾਬਰ ਚਲ ਰਿਹਾ ਸੀ। ਦਸ਼ਮੇਸ਼ ਪਿਤਾ ਆਪਣੇ ਪੂਰੇ ਜੋਬਨ ਵਿਚ ਕਲਗੀ ਸਜਾ ਕੇ ਜਦ ਦਰਬਾਰ ਵਿਚ ਸ਼ਸੋਭਤ ਹੁੰਦੇ ਸਨ, ਪਵਿੱਤਰ ਆਤਮਕ ਬਲ ਨਾਲ ਭਰਪੂਰ, ਚਿਹਰੇ ਉਤੇ ਰੱਬੀ ਨੂਰ ਦੀ ਝਲਕ ਸੂਰਜ ਦੀ ਤਾਬ ਨੂੰ ਮਾਤ ਪਾਉਂਦੀ ਸੀ। ਸੁੰਦਰ ਘੋੜੇ ਅਤੇ ਹਾਥੀ, ਬਲਵਾਨ ਬਾਂਕੇ ਯੋਧਿਆਂ ਦੀ ਫ਼ੌਜ, ਨਗਾਰੇ ਦੀ ਗੂੰਜ, ਨਿਸ਼ਾਨ ਸਾਹਿਬ ਦੇ ਝੂਲਣ, ਪਹਾੜ ਦੀ ਚੋਟੀ ਉਤੇ ਅਨੰਦਪੁਰ ਸਾਹਿਬ ਕਿਲ੍ਹੇ ਦਾ ਭਵਨ, ਇਹ ਸਭ ਕੁਝ ਸ਼ਾਹੀ ਠਾਠ ਬੜੇ ਬੜੇ ਬਾਦਸ਼ਾਹਾਂ ਦੀ ਸ਼ਾਨ ਨੂੰ ਮਧਮ ਪਾਉਂਦਾ ਸੀ। ਪਹਾੜੀ ਰਾਜੇ ਸ਼ਰਧਾਵਾਨ ਹੋ ਕੇ ਗੁਰੂ ਸਾਹਿਬ ਦੇ ਸਤਿਕਾਰ ਲਈ ਆਉਂਦੇ ਸਨ ਅਤੇ ਬੜੇ ਪ੍ਰਭਾਵਤ ਹੁੰਦੇ ਸਨ। ਗੁਰੂ ਸਾਹਿਬ ਨੇ ਰਾਜਿਆਂ ਨੂੰ ਕਿਹਾ : ਆਓ ਇਕ ਅਕਾਲ ਪੁਰਖ ਦੀ ਸ਼ਰਨ ਵਿੱਚ। ਛੱਡੋ ਦੇਵੀ ਦੇਵਤਿਆਂ ਦਾ ਆਸਰਾ। ਮੈਂ ਤੁਹਾਨੂੰ ਸਾਫ਼ ਦੱਸ ਦਿੰਦਾ ਹਾਂ ਕਿ ਮੈਂ ਤਾਂ ਅਕਾਲ ਪੁਰਖ ਦਾ ਪੁਜਾਰੀ ਹਾਂ, ਬੁੱਤਾਂ ਦਾ ਨਹੀਂ।

ਤੁਸੀਂ ਗੁਰੂ ਘਰ ਦੀ ਵਿਚਾਰਧਾਰਾ ਗ੍ਰਹਿਣ ਕਰੋ ਪਹਾੜੀ ਰਾਜਿਆਂ ਵਲੋਂ ਉਤਰ ਇਹ ਸੀ ਕਿ ਅਸੀਂ ਸੋਚ ਕੇ ਦਸਾਂਗੇ।

ਉਨ੍ਹਾਂ ਸੋਚ ਵਿਚਾਰ ਮਗਰੋਂ ਸਾਹਿਬਾਂ ਨੂੰ ਇਕ ਸ਼ਰਤ-ਪੇਸ਼ ਕਰ ਦਿਤੀ ਕਿ ਜੇਕਰ ਤੁਸੀਂ ਸ਼ੂਦਰ ਜ਼ਾਤੀਆਂ ਦੇ ਲੋਕਾਂ ਨੂੰ ਇਕ ਪੰਗਤ ਵਿਚ ਬੈਠਣ ਨਾ ਦੇਵੋ ਅਤੇ ਇਕੋ ਸਾਂਝੇ ਬਾਟੇ ਵਿਚ ਅੰਮ੍ਰਿਤ ਨ ਛਕਾਓ, ਅਸੀਂ ਸਾਰੇ ਤੁਹਾਡੇ ਸਿੱਖ ਬਣ ਜਾਂਦੇ ਹਾਂ।

ਹੁਣ ਗੁਰੂ ਸਾਹਿਬ ਸਾਹਮਣੇ ਦੋ ਪਾਸੇ ਸਾਫ਼ ਦਿਖਾਈ ਦਿੰਦੇ ਸਨ। ਇਕ ਪਾਸੇ ਪਹਾੜੀ ਰਾਜਿਆਂ ਦਾ ਅਤੇ ਉਨ੍ਹਾਂ ਦੀਆਂ ਨਿਪੁੰਨ ਫ਼ੌਜਾਂ ਦਾ ਸਹਿਯੋਗ, ਧਨ ਦੀ ਵੀ ਸਹਾਇਤਾ; ਦੂਜੇ ਪਾਸੇ ਸ਼ਰਧਾਵਾਨ ਗਰੀਬ ਕਿਰਤੀ ਤੇ ਅਖੌਤੀ ਸ਼ੂਦਰ। ਗੁਰੂ ਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਚਾਰ —

ਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥

ਨਾਨਕੁ ਤਿਨ ਕੈ ਸੰਗਿ ਸਾਥਿ,

ਵਡਿਆ ਸਿਉ ਕਿਆ ਰੀਸ ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

(ਸਿਰੀ ਰਾਗੁ, ਮ: ੧, ਪੰਨਾ ੧੫)

ਅਨੁਸਾਰ ਪਹਾੜੀ ਰਾਜਿਆਂ ਦੀ ਸ਼ਰਨ ਸਵੀਕਾਰ ਨਾ ਕੀਤੀ। ਉਨ੍ਹਾਂ ਨੇ ਕਿਹਾ ਕਿ ਮੈਂ ਇਨ੍ਹਾਂ ਨੂੰ, ਜਿਨ੍ਹਾਂ ਨੂੰ ਤੁਸੀ ਸ਼ੂਦਰ ਕਹਿੰਦੇ ਹੋ, ਸਰਦਾਰ ਬਣਾਵਾਂਗਾ। ਇਥੇ ਹੀ ਬੱਸ ਨਹੀਂ, ਬਾਦਸ਼ਾਹੀਆਂ ਦੇਵਾਂਗਾ। ਸੋ ਸਪੱਸ਼ਟ ਹੈ ਕਿ ਦਸੇ ਗੁਰੂਆਂ ਦੀ ਇਕੋ ਜੋਤ, ਇਕੋ ਵਿਚਾਰਧਾਰਾ, ਇਕੋ ਵਿਉਂਤ-ਬੱਧ ਯੋਜਨਾ ਸੀ। ਜਿਸ ਉਤੇ ਹਰ ਗੁਰੂ ਵਿਅਕਤੀ ਵਲੋਂ ਸਮੇਂ ਅਤੇ ਲੋੜ ਅਨੁਕੂਲ ਉਸੇ ਪ੍ਰੋਗਰਾਮ ਜਾਂ ਪ੍ਰਯੋਜਨ ਨੂੰ ਵਧ ਤੋਂ ਵਧ ਉੱਨਤੀ ਵਲ ਲਿਜਾਇਆ ਗਿਆ, ਜਿਸ ਦੇ ਸਿੱਟੇ ਵਜੋਂ ਵਡੀ ਭਾਰੀ ਜਾਬਰ ਹਕੂਮਤ ਦੀਆਂ ਜੜ੍ਹਾਂ ਉਖੜ ਗਈਆਂ। ਅੱਠ ਸਦੀਆਂ ਦੀ ਲੰਮੀ ਗੁਲਾਮੀ ਤੋਂ ਨਿਜਾਤ ਮਿਲ ਗਈ। ਭਾਰਤ ਦੇ ਧਰਮ ਤੇ ਸਭਿਅਤਾ ਨੂੰ ਬਚਾ ਲਿਆ ਗਿਆ। ਮੁੜ ਕਿਸੇ ਦਾ ਹੌਂਸਲਾ ਨਾ ਪਿਆ ਕਿ ਕੋਈ ਕਿਸੇ ਦੇ ਧਰਮ ਵਿੱਚ ਦਖਲ ਦੇਵੇ। ਦਸ ਪੀੜ੍ਹੀਆਂ ਦੇ ਲੰਮੇ ਅਤੇ ਆਪਣੇ ਜੀਵਨ ਦੀਆਂ ਘਾਲ ਕਮਾਈਆਂ ਤੇ ਅਨੁਭਵੀ ਤਜਰਬੇ ਰਾਹੀਂ ਇਕ ਬਲਵਾਨ ਤੇ ਅਨੰਤ ਕਲਾ ਸੰਪੂਰਨ ਕੌਮ ਦੀ ਸਿਰਜਨਾ ਕਰ ਦਿਤੀ, ਜਿਸ ਦੇ ਸਾਰੇ ਵਿਅਕਤੀ ਰਾਜ ਜੋਗੀ ਤੇ ਸੰਤ ਸਿਪਾਹੀ ਹਨ ਜੋ ਆਪਣੀ ਅਣਖ-ਇਜ਼ਤ ਅਤੇ ਧਰਮ ਦੀ ਖਾਤਰ ਆਪਣੇ ਜੀਵਨ ਦੀ ਕੁਰਬਾਨੀ ਦੇਣੋਂ ਰੰਚਕ ਮਾਤਰ ਵੀ ਸੰਕੋਚ ਨਹੀਂ ਕਰਦੇ।

ਇਕ ਪ੍ਰਸਿੱਧ ਵਿਦਵਾਨ ਇਤਿਹਾਸਕਾਰ ਡਾ: ਗੋਕਲ ਚੰਦ ਨਾਰੰਗ ਆਪਣੀ ਪੁਸਤਕ 'ਟ੍ਰਾਂਸਫਾਰਮੇਸ਼ਨ ਆਫ਼ ਸਿੱਖਿਜ਼ਮ' ਵਿਚ ਲਿਖਦੇ ਹਨ —

'ਜੋ ਖ਼ਾਲਸਾ ਕੌਮ ਰੂਪੀ ਬਿਛ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਫੁਲਤ ਹੋਇਆ, ਉਸ ਦਾ ਬੀਜ ਸ੍ਰੀ ਗੁਰੂ ਨਾਨਕ ਦੇਵ ਜੀ ਬੀਜ ਗਏ ਸਨ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਉਸ ਦੀ ਸਿੰਜਾਈ ਕਰ ਕੇ ਪਾਲਣਾ ਕਰਦੇ ਰਹੇ ਸਨ। ਉਹ ਤਲਵਾਰ ਜਿਸ ਨੇ ਖ਼ਾਲਸਈ ਚਮਤਕਾਰ ਵਿਖਾਏ ਸਨ, ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਈ ਸੀ, ਪਰ ਉਸ ਦਾ ਫ਼ੌਲਾਦ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤਾ ਸੀ। ਜਿਸ ਤਰ੍ਹਾਂ ਇਕ ਕੱਚੀ ਧਾਤ ਨੂੰ ਪੰਘਰ ਕੇ ਉਸ ਵਿਚੋਂ ਸਾਰੀ ਖੋਟ ਮੈਲ ਕੱਢ ਕੇ ਸੋਧ ਲਈਦਾ ਹੈ ਅਤੇ ਇਕ ਖਾਲਸ ਧਾਤ ਤਿਆਰ ਹੋ ਜਾਂਦੀ ਹੈ, ਇਸੇ ਤਰ੍ਹਾਂ ਗੁਰੂ ਸਾਹਿਬ ਨੇ ਹਿੰਦ ਸਮਾਜ ਵਿਚੋਂ ਬੇਲੋੜੇ ਵਹਿਮ ਭਰਮ ਅਤੇ ਧਾਰਮਿਕ ਆਗੂਆਂ ਦੇ ਪਾਖੰਡ ਤੇ ਕਰਮ ਕਾਂਡ ਰੂਪੀ ਖੋਟ ਤੇ ਮੈਲ ਦੂਰ ਕਰਕੇ ਇਕ ਨਵੇਂ ਤੇ ਨਰੋਏ ਸਮਾਜ ਦੀ ਸਿਰਜਨਾ ਕੀਤੀ ਸੀ, ਤਦੇ ਉਸ ਦਾ ਨਾਮ ਖ਼ਾਲਸਾ ਰਖਿਆ ਸੀ।'

* * *

ਮਾਰੂਥਲਾਂ ਵਿਚ ਸਨ। ਸ਼ਹਿਰਾਂ ਵਿਚ ਗੁਰਦੁਆਰਿਆਂ ਤੇ ਜੋ ਗ੍ਰੰਥੀ ਸਿੰਘ ਅਥਵਾ ਪੁਜਾਰੀ ਜਾਂ ਮਹੰਤ ਸਨ, ਮੂਲ ਰੂਪ ਵਿਚ ਉਹਨਾਂ ਵਿਚੋਂ ਬਹੁਤੇ ਸਿੱਖ ਨਹੀਂ ਸਨ। ਇਹਨਾਂ ਵਿਚੋਂ ਕੁਝ ਤਾਂ ਉਦਾਸੀ ਅਥਵਾ ਨਿਰਮਲਾ ਸੰਪਰਦਾਵਾਂ ਵਿਚੋਂ ਸਨ ਜਿਨ੍ਹਾਂ ਦੀ ਮੂਲ ਸਾਂਝ ਤਾਂ ਗੁਰੂ ਘਰ ਨਾਲ ਸੀ ਪਰ ਬਹੁਤੇ ਸਿਖੀ ਸਿਧਾਂਤਾਂ ਤੋਂ ਅਨਜਾਣ ਸਨ, ਜਾਂ ਫਿਰ ਉਹ ਸਨ ਜੋ ਗੈਰਸਿੱਖਾਂ ਵਿਚੋਂ ਸਿੱਖੀ ਸਰੂਪ ਨੂੰ ਧਾਰਨ ਕਰਕੇ ਗੁਰਦੁਆਰਿਆਂ ਦੀ ਆਮਦਨ 'ਤੇ ਕਾਬਜ ਹੋ ਗਏ। ਅੱਜ ਗੁਰਦੁਆਰਿਆਂ ਵਿਚ ਜਿਤਨੀਆਂ ਬਿਪਰਨ ਦੀਆਂ ਰੀਤਾਂ, ਸੰਗਰਾਂਦਾਂ-ਪੂਰਨਮਾਸ਼ੀਆਂ, ਮੱਸਿਆਵਾਂ, ਥਿਤਾਂ-ਵਾਰਾਂ, ਜਾਤ-ਬਿਰਾਦਰੀਆਂ ਦੇ ਚੱਕਰ ਇਥੋਂ ਤੀਕ ਕਿ ਟੂਣੇ-ਤਵੀਤ ਅਤੇ ਸ਼ਬਦਾਂ ਦਾ ਮੰਤਰ-ਰਟਨ, ਰੱਖੜੀ, ਲੋਹੜੀ, ਦੀਵਾਲੀ, ਰਾਮਨੌਮੀ ਆਦਿ ਬ੍ਰਾਹਮਣੀ ਤਿਉਹਾਰਾਂ ਦਾ ਪ੍ਰਭਾਵ ਹੈ ਸਾਰਾ ਉਸੇ ਸਮੇਂ ਦਾ ਵਿਗਾੜ ਹੈ। ਕੁਝ ਠੱਲ ਪਈ ਹੈ, ਨਹੀਂ ਤਾਂ ਮੰਦਰਾਂ ਵਿਚ ਹੋਣ ਵਾਲੀ ਮੂਰਤੀ ਪੂਜਾ ਵੀ, ਗੁਰਦੁਆਰਿਆਂ ਦਾ ਅੰਗ ਬਣ ਚੁੱਕੀ ਸੀ। ਇਥੋਂ ਤੱਕ ਕਿ ਹਰਿਮੰਦਰ ਸਾਹਿਬ ਦੀ ਪਰਿਕਰਮਾ ਵੀ, ਮੂਰਤੀ ਪੂਜਾ ਦਾ ਕੇਂਦਰ ਸੀ, ਜਿਸ ਨੂੰ ਸਮਾਪਤ ਕਰਨ ਵਾਸਤੇ ਸੁਲਝੇ ਸਿੱਖ ਆਗੂਆਂ ਨੇ, ਕੋਲੋਂ ਮਾਇਆ ਇਕੱਠੀ ਕਰਕੇ, ਸ੍ਰੀ ਅੰਮ੍ਰਿਤਸਰ ਵਿਖੇ ਦੁਰਗਿਆਣਾ ਮੰਦਰ ਦੀ ਸਥਾਪਨਾ ਕਰਵਾ ਕੇ, ਪਰਿਕਰਮਾ ਵਿਚੋਂ ਉਹਨਾਂ ਮੂਰਤੀਆਂ ਦੀ ਸਮਾਪਤੀ ਕਰਵਾਈ। ਜੇ ਜਲਦਬਾਜ਼ੀ ਅਤੇ ਕੇਵਲ ਜੋਸ਼ ਤੋਂ ਕੰਮ ਲਿਆ ਜਾਂਦਾ ਤਾਂ ਬਹੁਤ ਨੁਕਸਾਨ ਹੋ ਸਕਦਾ ਸੀ। ਅਨੇਕਾਂ ਗੁਰਦੁਆਰਿਆਂ ਵਿਚ ਬਲ ਰਹੀਆਂ ਜੋਤਾਂ ਅਤੇ ਬੜ੍ਹਾ ਸਾਹਿਬਾਨ ਨੂੰ ਕੱਚੀਆਂ ਲੱਸੀਆਂ ਨਾਲ ਇਸ਼ਨਾਨ, ਇਹ ਸਭ ਬ੍ਰਾਹਮਣੀ ਰੀਤਾਂ ਦੀ ਜਕੜ ਅਜੇ ਵੀ ਕਾਇਮ ਹੈ।

ਜੰਗਲਾਂ-ਮਾਰੂਥਲਾਂ ਵਿਚ ਅਪਨਾਇਆ ਪਾਠ ਦਾ ਇਹ ਢੰਗ ਜਦੋਂ ਉਹਨਾਂ ਆਪ ਬਣੇ ਪੁਜਾਰੀਆਂ, ਮਹੰਤਾਂ ਤੀਕ ਪੁੱਜਾ ਤਾਂ ਪੰਸਾਰੀ ਨੂੰ ਅਦਰਕ ਦੀ ਗੰਢੀ ਹੱਥ ਲੱਗਣ ਵਾਲੀ ਕਹਾਵਤ ਹੋ ਨਿੱਤਰੀ। ਤੰਤਰ ਸ਼ਾਸਤਰ ਵਿਚ ਵੇਦ ਪਾਠਾਂ ਦੀਆਂ ਕੁਝ ਵਿਧੀਆਂ ਨੀਯਤ ਹਨ ਜਿਨ੍ਹਾਂ ਵਿਚ ਅਖੰਡ ਪਾਠ, ਪਾਕਸ਼ਕ (੧੫ ਦਿਨਾਂ ਵਿਚ) ਪਾਠ, ਸਪਤਾਹ ਪਾਠ, ਸੰਪਟ ਪਾਠ ਆਦਿ। ਚੂੰਕਿ ਵੇਦਾਂ ਸ਼ਾਸਤਰਾਂ ਵਿਚ ਬਹੁਤਾ ਕਰਕੇ ਸੂਰਜ, ਚੰਦ, ਅਗਨੀ, ਹਵਾ, ਧਾਣੀ ਆਦਿ ਦੇਵਤਿਆਂ ਦੀ ਉਸਤਤ-ਪੂਜਾ ਪ੍ਰਬਲ ਹੈ ਇਸ ਵਾਸਤੇ ਨਾਲ-ਨਾਲ ਕੁੰਭ ਰੱਖਣਾ (ਜਲ-ਦੇਵਤੇ ਦੀ ਪੂਜਾ), ਅੰਨ (ਅੰਨ ਦੇਵਤ ਦੀ ਪੂਜਾ), ਮੌਲੀ (ਦੇਵੀ ਪੂਜਾ), ਨਾਰੀਅਲ (ਗੁਪਤ ਦੇਵਤੇ ਰਾਹੀਂ ਸਮੂਹ ਦੇਵਤਿਆਂ ਦੀ ਪੂਜਾ), ਜੋਤ (ਅਗਨੀ ਦੇਵਤੇ ਦੀ ਪੂਜਾ) ਆਦਿ ਦੇ ਨਿਯਮ ਹਨ। ਸ਼ਹਿਰਾਂ ਵਿਚ ਇਹ ਪਾਠ ਬਾਣੀ ਨਾਲ ਸਾਂਝ ਰੱਖਣ ਦਾ ਉਪਰਾਲਾ ਨਹੀਂ ਬਲਕਿ ਇਹ ਤਾਂ ਤੰਤਰ ਸ਼ਾਸਤਰ ਸੀ, ਇਸ ਵਾਸਤੇ ਮਨੁੱਖੀ ਦਿਮਾਗ ਵੀ ਉਸੇ ਪਾਸੇ ਤੁਰ ਪਿਆ। ਅਨੇਕਾਂ ਪ੍ਰਕਾਰ ਦੇ ਮੰਤਰ ਅਤੇ ਵੱਖਰੇ-ਵੱਖਰੇ ਮੰਤਰਾਂ ਦੇ ਰਟਨ ਤੋਂ ਵੱਖਰੀ-ਵੱਖਰੀ ਸਿਧੀ, ਇਹ ਨਿਯਮ ਵੇਦ ਮੰਤਰਾਂ ਦੇ ਸਨ ਪਰ ਇਸ ਦੇ ਉਲਟ ਬਾਣੀ ਤਾਂ ਸੁਣਨ, ਪੜ੍ਹਨ, ਵਿਚਾਰਨ ਅਤੇ ਜੀਵਨ ਵਿਚ ਵਸਾਉਣ ਕਮਾਉਣ ਵਾਸਤੇ ਸੀ। ਇਸ ਨੂੰ ਵੀ ਉਸੇ ਤਰ੍ਹਾਂ ਮਹਾਤਮ ਦਾ ਇਸ਼ੂ ਬਣਾਉਣਾ ਸ਼ੁਰੂ ਕਰ ਦਿੱਤਾ ਗਿਆ। ਕੇਵਲ ਅਖੰਡ ਪਾਠ ਹੀ ਨਹੀਂ, ਸਪਤਾਹ ਪਾਠ, ਸੰਪਟ ਪਾਠ ਵੱਖਰੇ-ਵੱਖਰੇ ਸ਼ਬਦਾਂ ਤੋਂ ਵੱਖਰੀ-ਵੱਖਰੀ ਸਿੱਧੀ ਤੇ ਫਲ ਵੀ ਗੁਰੂ ਘਰ ਵਿਚ ਪ੍ਰਵੇਸ਼ ਕਰ ਗਏ।

ਸ਼ਾਤਰ ਲੋਕਾਂ ਦੀ ਚਾਲ ਸਿਰੇ ਚੜ੍ਹੀ : ਅਜਿਹੇ ਪਾਠਾਂ ਦੇ ਮਹਾਤਮ ਪ੍ਰਾਪਤ ਕਰਨ ਵਾਲੇ ਝੁਕਾਅ ਨੂੰ ਪ੍ਰਬਲ ਕੀਤਾ ਗਿਆ। ਅਜਿਹੇ ਝੁਕਾਅ ਤਾਂ ਭਾਰਤ ਦੀ ਲੋਕਾਈ ਵਿਚ ਬ੍ਰਾਹਮਣ ਵਰਗ ਨੇ ਚਿਰਾਂ ਤੋਂ ਪੱਕੇ ਕੀਤੇ ਹੋਏ ਸਨ। ਬਾਣੀ ਰਾਹੀਂ ਗੁਰੂ ਸਾਹਿਬਾਨ ਨੇ ਅਨੇਕਾਂ ਘਾਲਣਾ ਘਾਲ ਕੇ ਲੋਕਾਈ ਵਿਚੋਂ ਅਜਿਹੇ ਪ੍ਰਭਾਵ ਖਤਮ ਕੀਤੇ ਸਨ। ਮਹਾਤਮ ਲਈ ਕੀਤੇ ਪਾਠਾਂ ਦੀ ਰੀਤੀ ਨੇ, ਲੋਕਾਈ ਦੀਆਂ ਜੜ੍ਹਾਂ ਵਿਚ ਧੱਸੇ ਹੋਏ ਉਹਨਾਂ ਪੁਰਾਤਨ ਵਿਸ਼ਵਾਸਾਂ ਨੂੰ ਹੋਰ ਹਵਾ ਦਿੱਤੀ। ਗੁਰਦੁਆਰਿਆਂ ਤੋਂ ਬਾਹਰ, ਕੁਝ ਇਕ ਨੂੰ ਛੱਡ ਕੇ ਅਨੇਕਾਂ ਡੇਰੇ, ਜਿਹੜੇ ਆਪਣੇ ਆਪ ਨੂੰ ਕਿਸੇ ਵੀ ਗੁਰਮਤਿ ਸਿਧਾਂਤ ਨਾਲ ਪਾਬੰਦ ਨਹੀਂ ਸਨ ਸਮਝਦੇ, ਰਜਵੀਂ ਲੁੱਟ ਖਸੁੱਟ ਵਿਚ ਲਗ ਗਏ। ਇੱਕ-ਇੱਕ ਸਮੇਂ, ਇਕ ਸੌ ਇਕ ਪਾਠਾਂ ਦੀਆਂ ਲੜੀਆਂ ਚਲਾ ਦਿੱਤੀਆਂ। ਇਕ ਪੰਥ ਦੋ ਕਾਜ, ਜਿਤਨੀ ਸੰਗਤ ਵਿਚੋਂ ਬਾਣੀ ਦੀ ਸੋਝੀ ਘਟੇਗੀ ਉਤਨਾ ਹੀ ਉਹਨਾਂ ਰਾਹੀਂ ਲੁੱਟ-ਖਸੁੱਟ ਸੌਖੀ ਹੁੰਦੀ ਜਾਵੇਗੀ। ਫਿਰ ਇਕ ਪਾਠ ਤੋਂ ਜਿਤਨੀ ਭੇਟਾ ਪ੍ਰਾਪਤ ਕਰਨੀ ਹੈ, ਇਕ ਸੌ ਇਕ ਪਾਠਾਂ ਤੋਂ ਉਤਨੇ ਸਮੇਂ ਵਿਚ ਹੀ ਇਕ ਸੌ ਇਕ ਗੁਣਾ। ਹੋਰ ਬ੍ਰਾਹਮਣੀ ਸੁੱਚਮਾਂ ਵੀ ਨਾਲ ਜੁੜਦੀਆਂ ਗਈਆਂ। ਕੇਸੀਂ ਇਸ਼ਨਾਨ ਕਰਕੇ ਬੈਠਣਾ ਹੈ, ਜਿੰਨੀ ਵਾਰੀ ਜੰਗਲ ਪਾਣੀ ਜਾਣਾ ਹੈ ਉਤਨੀ ਵਾਰੀ ਕੇਸੀਂ ਇਸ਼ਨਾਨ ਕਰਕੇ ਪਾਠ ਤੇ ਬੈਠਣਾ ਹੈ। ਨਾਲ ਨਾਲ ਜਪੁਜੀ ਸਾਹਿਬ ਜਾਂ ਕਿਸੇ ਹੋਰ ਬਾਣੀ ਦੇ ਪਾਠ ਦੀ ਲੜੀ ਚਲਦੀ ਰਹਿਣੀ ਹੈ। ਵਿਸ਼ੇਸ਼ ਪ੍ਰਕਾਰ ਦਾ ਪਹਿਰਾਵਾ ਪਾ ਕੇ ਪਾਠ ਕਰਨ ਬੈਠਣਾ ਹੈ ਕਿਉਂਕਿ ਵੇਦ ਪਾਠ ਨਿਯਮਾਂ ਅਨੁਸਾਰ ਚਾਰੇ ਵੇਦਾਂ ਦੇ ਪਾਠ ਵੇਲੇ ਚਾਰ ਵੱਖਰੇ-ਵੱਖਰੇ ਚਿੱਟੇ, ਲਾਲ, ਪੀਲੇ, ਕਾਲੇ ਰੰਗ ਦੇ ਕੱਪੜੇ ਪਾ ਕੇ ਪਾਠ ਕਰਨ ਦਾ ਨਿਯਮ ਹੈ **'ਬਗਾ ਰਤਾ ਪੀਅਲਾ ਕਾਲਾ ਬੇਦੀ ਕਰੀ ਪੁਕਾਰ'** *(ਮਾਝ ਕੀ ਵਾਰ, ਮ: ੧)*। ਜਦੋਂ ਕਿ ਇਹ ਸਭ ਕੁਝ ਗੁਰਬਾਣੀ ਦੀ ਰੋਸ਼ਨੀ ਤੋਂ ਦੂਰ, ਅਗਿਆਨਤਾ ਦੇ ਹਨੇਰੇ ਵਿਚ ਭਟਕਣ ਦੇ ਤੁਲ ਹੈ। ਵਹਿਮ ਇਹ ਵਧਾਏ ਜਾਂਦੇ ਹਨ ਕਿ ਇਹ ਫੋਕਟ ਸੁੱਚਮਾਂ ਨਾਲ ਭਰਪੂਰ ਪਾਠ ਹੀ ਅਸਲ ਮਰਯਾਦਾ ਅਨੁਸਾਰ ਹਨ ਇਸਤੋਂ ਬਿਨਾਂ ਫੱਲ ਪ੍ਰਾਪਤ ਨਹੀਂ ਹੁੰਦਾ।

ਮੁਕਦੀ ਗੱਲ : ਜੋਤਾਂ ਬਾਲਣੀਆਂ, ਅੰਨ ਰੱਖਣਾ, ਕੁੰਭ ਰੱਖਣੇ, ਮੌਲੀ ਬੰਨ੍ਹਣੀ, ਨਾਲ ਨਾਲ ਕਿਸੇ ਹੋਰ ਪਾਠ ਦੀ ਲੜੀ

ਜਾਂ ਜਿਤਨੀ ਵਾਰੀ ਪਾਠ ਕਰਨ ਬੈਠਣਾ ਕੇਸੀਂ ਇਸ਼ਨਾਨ ਕਰਨੇ ਕੇਵਲ ਨਾਸਮਝੀ ਹੈ ਅਤੇ ਇਹ ਸਭ ਨਹੀਂ ਕਰਨਾ ਚਾਹੀਦਾ। ਪਾਠ ਵੀ ਜੇਕਰ ਲਗਾਤਾਰ ਕਰਨਾ ਹੈ ਤਾਂ ੪੮ ਦੀ ਬਜਾਏ ਜੇ ਕੁਝ ਵਧ ਸਮਾਂ ਲਗਾ ਲਿਆ ਜਾਵੇ, ਕੋਈ ਹਰਜ਼ ਨਹੀਂ ਪਰ ਪਾਠ ਆਪ ਮਿਲ ਕੇ ਇੱਕ-ਇੱਕ ਅੱਖਰ ਸਪੱਸ਼ਟ ਅਤੇ ਸੁਣਾ ਕੇ ਕਰਨਾ ਹੈ। ਲਗ-ਮਾਤਰਾ ਦਾ ਧਿਆਨ ਕਰਕੇ ਕਰਨਾ ਹੈ ਤਾਂ ਜੋ ਪਾਠ ਕਰਨ ਵਾਲੇ ਅਤੇ ਸਰੋਤੇ ਸੱਜਣਾਂ ਦੀ ਸਮਝ ਵਿਚ ਪੂਰੀ ਤਰ੍ਹਾਂ ਆ ਸਕੇ। ਇਕ ਵਕਤ ਤੇ ਇਕ ਪਾਠ, ਕਥਾ ਜਾਂ ਕੀਰਤਨ ਦਾ ਨਿਯਮ, ਸਿੱਖ ਰਹਿਤ ਮਰਯਾਦਾ ਵਿਚ ਸਪੱਸ਼ਟ ਵਰਨਣ ਹੈ, ਇਕ ਸਮੇਂ ਇੱਕ ਤੋਂ ਵੱਧ ਪਾਠਾਂ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਤਨੀ ਜਲਦੀ ਇਹਨਾਂ ਮਨਮਤਾਂ ਨੂੰ ਠੱਲ ਪਾਈ ਜਾ ਸਕੇ, ਉਤਨਾ ਹੀ ਜ਼ਰੂਰੀ ਹੈ। **ਪਾਠ ਆਪ ਕਰਨ ਅਤੇ ਸੁਣਨ ਵਾਸਤੇ ਹੈ।** ਜੇਕਰ ਕਿਸੇ ਮਜਬੂਰੀ ਵਿਚ ਕਰਵਾਉਣਾ ਹੀ ਹੈ ਤਾਂ ਸ਼ੁੱਧ ਸਪੱਸ਼ਟ ਪਾਠ ਕਰਨ ਵਾਲੇ, ਸੋਝੀ ਵਾਲੇ ਸੱਜਣਾਂ ਤੋਂ ਹੀ ਕਰਵਾਉਣਾ ਹੈ ਅਤੇ ਬੈਠ ਕੇ ਸੁਣਨਾ ਹੈ।

ਅੱਜ ਦਾ ਦੁਖਾਂਤ : ਅੱਜ ਤਾਂ ਹਾਲਤ ਇਹ ਬਣੀ ਪਈ ਹੈ ਕਿ ਜ਼ਿੰਮੇਵਾਰ, ਸਤਿਕਾਰਯੋਗ ਗੁਰਦੁਆਰਾ ਕਮੇਟੀਆਂ ਪਾਸ ਪਾਠਾਂ ਦੀ ਦਸ ਦਸ ਸਾਲ ਦੀ ਐਡਵਾਂਸ ਬੁਕਿੰਗ ਹੈ। ਪਾਠ ਕਰਵਾਉਣ ਵਾਲਿਆਂ ਨੂੰ ਅਰੰਭਕ ਹੁਕਮਨਾਮਾ ਵੀ ਡਾਕ ਰਾਹੀਂ ਪੁੱਜ ਜਾਂਦਾ ਹੈ ਅਤੇ ਭੋਗ ਦਾ ਹੁਕਮਨਾਮਾ ਵੀ ਡਾਕ ਰਾਹੀਂ। ਨਾ ਕੋਈ ਪਾਠ ਸੁਣਨ ਆਉਂਦਾ ਹੈ ਨਾ ਉਹਨਾਂ ਨੂੰ ਬਾਣੀ ਨਾਲ ਕੋਈ ਮਤਲਬ ਹੈ। ਉਹਨਾਂ ਵਾਸਤੇ, ਦੋਵੇਂ ਪਾਸੇ, ਧਰਮ ਕਮਾਉਣ ਲਈ ਨਹੀਂ ਬਲਕਿ ਵੇਚਣ-ਖਰੀਦਣ ਦੀ ਚੀਜ਼ ਹੈ। ਮਾਇਆ ਭੇਜੀ ਤੇ ਮਹਾਤਮ ਘਰ ਬੈਠੇ ਪੁੱਜ ਗਿਆ ਅਤੇ ਭੇਜਣ ਵਾਲਿਆਂ ਭੇਜ ਦਿੱਤਾ। ਜਦੋਂ ਇਸ ਬਾਰੇ ਕੁਝ ਜ਼ਿੰਮੇਵਾਰ ਪ੍ਰਬੰਧਕਾਂ ਨਾਲ ਵਿਚਾਰ ਕੀਤੀ ਗਈ, ਪਹਿਲਾਂ ਤਾਂ ਕਮੇਟੀਆਂ ਦੇ ਕੰਮਾਂ ਵਿਚ ਉਹ ਆਪਣੇ ਆਪ ਨੂੰ ਇਕੱਲਾ ਅਤੇ ਮਜਬੂਰ ਸਮਝਦੇ ਹਨ। ਦੂਜਾ—ਉਹ ਦੋ ਦਲੀਲਾਂ ਦੇਂਦੇ ਹਨ, ਇਕ ਇਹ ਕਿ ਅੱਜ ਗੁਰਦੁਆਰਿਆਂ ਦੀ ਆਮਦਨ ਦਾ ਅਖੰਡ ਪਾਠ ਸਭ ਤੋਂ ਵੱਡਾ ਵਸੀਲਾ ਹਨ, ਜੇਕਰ ਉਹ ਇਸ ਪੱਖੋਂ ਸੰਗਤਾਂ ਨੂੰ ਮਨ੍ਹਾ ਕਰਦੇ ਹਨ ਤਾਂ ਕੱਚੇ ਪਿਲੇ ਡੇਰੇ ਆਪਣਾ ਜਾਲ ਵਿਛਾਈ ਬੈਠੇ ਹਨ, ਸੰਗਤਾਂ ਗੁਰਦੁਆਰਿਆਂ ਤੋਂ ਟੁੱਟ ਕੇ ਦੂਜੇ ਪਾਸੇ ਭਟਕ ਜਾਂਦੀਆਂ ਹਨ।

ਉਝ ਇਹਨਾਂ ਦੋਨਾਂ ਦਲੀਲਾਂ ਵਿਚ ਦਮ ਨਹੀਂ। ਜੇਕਰ ਕੌਮ ਨੂੰ ਬਚਾਉਣਾ ਹੈ ਤਾਂ ਇਹ ਠੱਲ ਪਾਉਣੀ ਹੀ ਪਵੇਗੀ। ਗੁਰਦੁਆਰਿਆਂ ਵਿਚੋਂ ਜਦੋਂ ਇਸ ਵਿਰੁੱਧ ਡੱਟ ਕੇ ਪ੍ਰਚਾਰ ਹੋਵੇਗਾ ਤਾਂ ਸੰਗਤਾ ਦੀ ਜਾਗ੍ਰਿਤੀ ਡੇਰਿਆਂ ਤੇ ਰੋਕ ਵੀ ਪਾ ਲਵੇਗੀ। ਜਦੋਂ ਤੀਕ ਇਹ ਪਰਿਪਾਟੀ ਗੁਰਦੁਆਰਿਆਂ ਵਿਚ ਮੌਜੂਦ ਹੈ ਇਸ ਦੇ ਵਿਰੁੱਧ ਕੋਈ ਪ੍ਰਚਾਰਕ ਵੀ ਖੁਲ ਕੇ ਗੱਲ ਨਹੀਂ ਕਰ ਸਕਦਾ।

ਬਾਕੀ ਰਹੀ ਗੁਰਦੁਆਰਿਆਂ ਦੀ ਆਮਦਨ ਦੀ ਗੱਲ। ਘੋਖਣ ਦਾ ਵਿਸ਼ਾ ਹੈ ਕਿ ਗੁਰਦੁਆਰਿਆਂ ਦੀ ਆਮਦਨ ਸਿੱਖੀ ਦਾ ਪ੍ਰਫੁਲਤ ਹੋਣਾ ਹੈ ਜਾਂ ਫਿਰ ਬੈਂਕ ਬੈਲੇਂਸਾਂ-ਬਿਲਡਿੰਗਾਂ ਵਾਲਾ ਉਹ ਗੁੜ ਤਿਆਰ ਕਰਨਾ ਜਿਸ ਉਪਰ ਚੌਧਰ ਦੀਆਂ ਮੱਖੀਆਂ ਭਿਣ-ਭਿਣਾਉਣ ਅਤੇ ਭਰਾ ਭਰਾ ਦੀ ਪਗ ਦਾ ਉਤਾਰੂ ਬਣੇ, ਸੰਗਤ ਕੋਰਟਾਂ-ਕਚਹਿਰੀਆਂ ਵਿੱਚ ਰੁਲੇ।

ਦੇਖਿਆ ਜਾਵੇ ਤਾਂ ਇਹਨਾਂ ਕੱਚੀਆਂ ਦਲੀਲਾਂ ਰਾਹੀਂ ਅਗਿਆਨਤਾ ਵਾਲੀ ਭੇਡਚਾਲ ਦੇ ਘਟਣ ਦੀ ਥਾਂ ਵੱਧਣ ਦਾ ਜ਼ਿਆਦਾ ਡਰ ਹੈ। ਹਾਲਤ ਇਥੋਂ ਤੀਕ ਖਰਾਬ ਹੋ ਚੁਕੀ ਹੈ, ਜੇਕਰ ਖ਼ੁਸ਼ੀ-ਗਮੀ ਦੇ ਸਮੇਂ ਘਰਾਂ ਵਿਚ ਪਾਠ ਕਰਵਾਇਆ ਜਾਂਦਾ ਹੈ ਤਾਂ ਪਾਠ ਇਕ ਕਮਰੇ ਵਿਚ ਹੋ ਰਿਹਾ ਹੁੰਦਾ ਹੈ ਪਰਿਵਾਰ ਦੇ ਸੱਜਣ ਦੂਜੇ ਕਮਰੇ ਵਿਚ ਬੈਠੇ ਗੱਲਾਂ ਗੱਪਾਂ ਤੇ ਟੀ. ਵੀ. ਵਿਚ ਮਸਤ ਹੁੰਦੇ ਹਨ। ਬਹੁਤ ਵਾਰੀ ਤਾਂ ਦੂਜੇ ਪਾਸੇ ਸ਼ਰਾਬ ਦੀ ਮਹਿਫਲ ਜੰਮੀ ਹੁੰਦੀ ਹੈ।

ਅਜਿਹੇ ਸੱਜਣ ਵੀ ਮਿਲ ਜਾਣਗੇ ਜੋ ਦਾੜ੍ਹੀ ਕੇਸਾਂ ਦੀ ਬੇਅਦਬੀ ਵੀ ਕਰ ਰਹੇ ਹਨ, ਮੂੰਹ ਵਿਚ ਪਾਨ ਦਾ ਬੀੜਾ, ਸ਼ਰਾਬ ਦੀ ਬੋਤਲ ਦਾ ਮੂੰਹ ਤਾਂ ਬੰਦ ਕਰਨ ਦੀ ਲੋੜ ਹੀ ਨਹੀਂ, ਫਿਰ ਵੀ ਕਹਿਣਗੇ, ਬਸ ਜੀ ਸਾਡਾ ਨਿਸ਼ਚਾ ਤਾਂ ਗੁਰੂ ਘਰ ਤੇ ਹੈ, ਆ ਦੇਖੋ, "ਮੈਂ ਹਰ ਸਾਲ ਆਪਣੇ ਘਰ ਅਖੰਡ ਪਾਠ ਕਰਵਾਉਂਦਾ ਹਾਂ।" ਸੋਚੋ! ਇਹ ਨਿਸ਼ਚਾ ਹੈ ਜਾਂ ਨਿਸ਼ਚੇ ਦਾ ਮਜ਼ਾਕ। ਗੁਰੂ ਸਾਹਿਬ ਜਿਸ ਗੰਦਗੀ ਵਿਚੋਂ ਮਨੁੱਖ ਨੂੰ ਕੱਢ ਰਹੇ ਹਨ, ਉਹ ਗੰਦਗੀ ਸਾਡੀਆਂ ਜੜ੍ਹਾਂ ਤੀਕ ਧੱਸੀ ਜਾ ਰਹੀ ਹੈ ਚੂੰਕਿ ਅਸੀਂ ਜੱਫੇ ਮਾਰੇ ਹਨ ਬ੍ਰਾਹਮਣੀ ਰੀਤਾਂ ਨੂੰ। ਜਦੋਂ ਸਾਡੀਆਂ ਇਹਨਾਂ ਕਰਤੂਤਾਂ ਦਾ ਅਸਰ, ਸਾਡੀ ਔਲਾਦ ਤੇ ਪੈਂਦਾ ਹੈ, ਫਿਰ ਅਸੀਂ ਰੋਂਦੇ ਹਾਂ ਕੀ ਕਰੀਏ 'ਪੱਛਮੀ ਪ੍ਰਭਾਵ ਹੈ, ਬੱਚੇ ਮੰਨਦੇ ਨਹੀਂ, ਉਹ ਕਹਿੰਦੇ ਹਨ ਅਸੀਂ ਕੇਸ ਨਹੀਂ ਰੱਖਣੇ' ਆਦਿ।

ਜਿਸ ਸਿੱਖੀ ਨੂੰ ਸਾਡੇ ਬਜ਼ੁਰਗਾਂ ਨੇ ਘਾਲਣਾ ਘਾਲ ਕੇ, ਤਰਲੋ ਮੱਛੀ ਹੋ ਕੇ ਪ੍ਰਾਪਤ ਕੀਤਾ ਸੀ, ਅਸੀਂ ਇਹਨਾਂ ਬ੍ਰਾਹਮਣੀ ਵਿਸ਼ਵਾਸਾਂ ਦੀ ਜਕੜ ਵਿਚ ਸਭ ਕੁਝ ਤਬਾਹ ਕਰ ਚੁੱਕੇ ਹਾਂ ਅਤੇ ਜਿਹੜੀ ਸੁੰਦਰ ਸਰੂਪ ਵਾਲੀ ਗੱਲ ਸਾਡੇ ਕੋਲ ਥੋੜ੍ਹੀ ਬਹੁਤ ਬਚੀ ਹੈ ਸਾਡੀ ਔਲਾਦ ਪਾਸ ਉਹ ਵੀ ਨਹੀਂ। ਆਪਣੀ ਮੂਰਖਤਾ ਕਾਰਣ ਅਸੀਂ ਬਾਣੀ ਨੂੰ ਅਖੰਡ ਪਾਠ, ਸੰਪਟ ਪਾਠ, ਕਾਮਨਾ ਅਧੀਨ ਜਾਂ ਫਿਰ ਮਹਾਤਮ ਇਕੱਠਾ ਕਰਨ ਵਾਸਤੇ, ਮੰਤਰ ਰਟਨ ਬਣਾ ਦਿੱਤਾ। ਕਸੂਰ ਮੜ੍ਹਦੇ ਹਾਂ ਔਲਾਦ ਦੇ ਸਿਰ। ਕੁਲ ੧੪੩੦ ਪੰਨਿਆਂ ਵਿਚ, ਕਿਧਰੇ ਵੀ ਪਾਠਾਂ ਦੀ ਮਹਾਤਮ ਪ੍ਰਾਪਤੀ ਦੇ ਫੋਕਟ ਵਿਸ਼ਵਾਸ ਨਹੀਂ ਦਿੱਤੇ ਹਨ ਅਤੇ ਨਾ ਹੀ ਕਾਮਨਾ ਅਧੀਨ ਕੀਤੇ ਜਾਂ ਕਰਵਾਏ ਪਾਠ ਨੂੰ, ਪਾਠ ਹੀ ਮੰਨਿਆ ਹੈ।

ਬਾਣੀ ਜੀਵਨ ਹੀ ਸਿੱਖੀ ਜੀਵਨ ਹੈ:

ਗੁਰਸਿੱਖੋ! ਪਾਠ ਸਮਝ ਕੇ ਕਰੋ। ਬਾਣੀ ਗੁਰਸਿਖ ਦਾ

ਜੀਵਨ ਹੈ। ਜੇ ਸਾਨੂੰ ਇਹੀ ਨਹੀਂ ਪਤਾ, ਸਾਡਾ ਪਿਤਾ ਗੁਰੂ ਸਾਨੂੰ ਕੀ ਸਮਝਾ ਰਿਹਾ ਹੈ, ਜੇ ਸਾਡਾ ਹਰ ਕੰਮ, ਸੋਚਣੀ, ਕਰਨੀ, ਪਿਤਾ ਗੁਰੂ ਦੇ ਹੁਕਮਾਂ ਦਾ ਮਜ਼ਾਕ ਹੈ ਤਾਂ ਇਸ ਤੋਂ ਵੱਡੀ ਅਮਾਨਤ ਵਿਚ ਖਿਆਨਤ ਵਾਲੀ ਹੋਰ ਕੀ ਗੱਲ ਹੋ ਸਕਦੀ ਹੈ? ਅਸੀਂ ਡਿਗਰੀਆਂ ਲੈ ਕੇ, ਦੋ ਪੈਸੇ ਕਮਾਉਣ ਵਾਸਤੇ ਜ਼ਿੰਦਗੀ ਦੇ ੧੮-੨੦ ਸਾਲ ਲਗਾ ਦੇਂਦੇ ਹਾਂ ਪਰ ਜਿਥੋਂ ਅਸੀਂ ਠੀਕ-ਗਲਤ ਦੀ ਪਹਿਚਾਣ ਲੈਣੀ ਹੈ, ਜਿਥੋਂ ਅਸਾਂ ਆਪਣੀ ਦੁਨੀਆਂਦਾਰੀ ਲੈਣੀ ਹੈ, ਜੀਵਨ ਦਿਸ਼ਾ ਲੈਣੀ ਹੈ, ਉਥੋਂ ਅਸੀਂ ਕੋਹਾਂ ਦੂਰ ਬੈਠੇ ਆਪਣੇ ਮਨੁੱਖਾ ਜਨਮ ਨੂੰ ਬਰਬਾਦ ਕਰਦੇ ਜਾ ਰਹੇ ਹਾਂ।

ਇਹ ਸੰਪਟ ਪਾਠ : ਤੰਤਰ ਸ਼ਾਸਤਰ ਵਿਚੋਂ ਇਹ ਵੀ ਇਕ ਪਾਠ ਵਿਧੀ ਹੈ। ਕੀਤੇ ਜਾਣ ਵਾਲੇ ਸਮੁੱਚੇ ਪਾਠ ਵਿਚੋਂ, ਸਿਧੀ ਪ੍ਰਾਪਤੀ ਦੇ ਵਿਸ਼ਵਾਸ ਨਾਲ ਇਕ ਪੰਕਤੀ ਚੁੱਕ ਲਈ ਜਾਂਦੀ ਹੈ। ਫਿਰ ਹਰ ਇਕ ਸ਼ਬਦ, ਛੰਦ, ਪਦਾ, ਅਸ਼ਟਪਦੀ ਤੋਂ ਉਪਰੰਤ ਉਸ ਪੰਕਤੀ ਨੂੰ ਬਾਰ-ਬਾਰ ਉਚਾਰਣ ਕੀਤਾ ਜਾਂਦਾ ਹੈ। ਇਹ ਭੁਲੇਖਾ ਵੀ ਪਾਇਆ ਜਾ ਰਿਹਾ ਹੈ ਕਿ ਇਸ ਪਾਠ ਦਾ ਮਹਾਤਮ, ਅਖੰਡ ਪਾਠ ਤੋਂ ਕਈ ਗੁਣਾ ਜ਼ਿਆਦਾ ਹੈ, ਕਿਉਂਕਿ ਭੇਟਾ ਜੁ ਕਈ ਗੁਣਾ ਵਾਧੂ ਲੈਣੀ ਹੈ। ਅਗਿਆਨਤਾ ਵਸ ਸੰਗਤਾਂ ਇਸ ਪ੍ਰਚਾਰ ਦਾ ਸ਼ਿਕਾਰ ਹੋ ਜਾਂਦੀਆਂ ਹਨ। ਜ਼ਰਾ ਸੋਚੋ ! ਜਿਸ ਬਾਣੀ ਵਿੱਚ ਇਕ ਲੱਗ ਮਾਤ੍ਰਾ ਉਲਟਾਣ ਦਾ ਕਿਸੇ ਨੂੰ ਹੱਕ ਨਹੀਂ, ਉਸਦੀ ਪੂਰੀ ਤਰਤੀਬ ਬਦਲਣ ਦਾ ਹੱਕ ਸਾਨੂੰ ਕਿਸਨੇ ਦਿੱਤਾ ? ਕੁਝ ਡੇਰੇ ਤਾਂ ਇਥੋਂ ਤੀਕ ਅੱਗੇ ਵਧੇ ਹੋਏ ਹਨ ਕਿ ਸੰਪਟ ਪਾਠ ਸਮੇਂ ਇਸਤ੍ਰੀਆਂ ਸ਼ਾਮਿਲ ਨਹੀਂ ਹੋ ਸਕਦੀਆਂ। ਜਦੋਂ ਸਾਰੀ ਖੇਡ ਹੀ ਬ੍ਰਾਹਮਣੀ ਮੱਤ ਵਾਲੀ ਅਤੇ ਗੁਰਮਤਿ ਵਿਰੁੱਧ ਹੈ ਤਾਂ ਕਲ ਇਸ ਵਿਚ ਹੋਰ ਵੀ ਅਜਿਹੇ ਕੁਝ ਨਿਯਮ ਜੋੜ ਲਏ ਜਾਣ ਤਾਂ ਹੈਰਾਨੀ ਕਿਸ ਗੱਲ ਦੀ ? ਅੱਜ ਸੰਗਤਾਂ ਬ੍ਰਾਹਮਣੀ ਮੱਤ ਦੀ ਜੱਕੜ ਵਿੱਚ ਫਸ ਰਹੀਆਂ ਹਨ। ਆਉ ਜਾਗੀਏ! ❑❑❑

ਸਿੱਖ ਵਿਰਸੇ ਨੂੰ ਵਿਗਾੜਨ ਦਾ ਕੋਝਾ ਯਤਨ

— ਸ੍ਰ. ਹਰਜੀਤ ਸਿੰਘ, ਜਲੰਧਰ

ਸ੍ਰੀ ਬ੍ਰਾਹਮਣ ਸਭਾ (ਰਜਿ:) ਚੰਡੀਗੜ੍ਹ ਵਲੋਂ ੪ ਦਸੰਬਰ, ੧੯੯੭ ਦੀ ਅੰਗਰੇਜ਼ੀ ਟ੍ਰਿਬਿਊਨ ਵਿਚ ਇਕ ਇਸ਼ਤਿਹਾਰ ਦਿੱਤਾ ਗਿਆ ਜਿਸ ਵਿਚ ਸਿੱਖ ਵਿਰਸੇ ਨੂੰ ਵਿਗਾੜਨ ਦਾ ਕੋਝਾ ਯਤਨ ਕੀਤਾ ਗਿਆ ਹੈ। ਇਸ ਸ਼ਿਤਿਹਾਰ ਵਿਚ ਭਾਈ ਮਤੀ ਦਾਸ ਜੀ ਦੀ ਤਸਵੀਰ ਛਾਪੀ ਗਈ ਹੈ ਜਿਸ ਦੇ ਥੱਲੇ ਸ੍ਰੀ ਗੁਰੂ ਮਤੀ ਦਾਸ ਸ਼ਰਮਾ ਲਿਖਿਆ ਹੋਇਆ ਹੈ। ਭਾਈ ਮਤੀ ਦਾਸ ਜੀ ਦੇ ਮੱਥੇ ਤੇ ਟਿੱਕਾ ਤੇ ਗੱਲ ਵਿਚ ਮਾਲਾ ਪਾਈ ਵਿਖਾਈ ਗਈ ਹੈ। ਭਾਈ ਸਤੀ ਦਾਸ ਜੀ ਨੂੰ ਗੁਰੂ ਸਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਗੁਰੂ ਦਿਆਲ ਦਾਸ ਲਿਖਿਆ ਗਿਆ ਹੈ। ਇਹ ਸੱਚਮੁੱਚ ਹੀ ਸਿੱਖ ਇਤਿਹਾਸ ਤੇ ਸਿੱਖੀ ਦੇ ਅਮੀਰ ਵਿਰਸੇ ਨੂੰ ਖਤਮ ਕਰਨ ਲਈ ਬ੍ਰਾਹਮਣ ਸਭਾ ਦੀ ਗੁੱਝੀ ਸਾਜਿਸ ਹੈ। ਸਿੱਖ ਨੂੰ ਗੁਰੂ ਲਿਖਣਾ ਹੀ ਉਸਦੀ ਸਭ ਤੋਂ ਵੱਡੀ ਤੌਹੀਨ ਹੈ। ਅਗਰ ਭਾਈ ਮਤੀ ਦਾਸ ਜੀ ਤੇ ਭਾਈ ਸਤੀਦਾਸ ਜੀ ਦੇ ਜੀਵਨ ਇਤਿਹਾਸ ਵੱਲ ਵੇਖੀਏ ਤਾਂ ਇਹ ਗੱਲ ਭਲੀ ਭਾਂਤ ਹੀ ਸਪੱਸ਼ਟ ਹੋ ਜਾਏਗੀ ਕਿ ਇਹ ਤਿੰਨੋ ਸਿੱਖ ਗੁਰੂ ਘਰ ਦੇ ਅਨਿਨ ਸ਼ਰਧਾਲੂ ਸਿੱਖ ਹੋਏ ਹਨ ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਸਨਮੁਖ ਹਿੰਦੂ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ ਹੈ।

ਭਾਈ ਮਤੀਦਾਸ ਜੀ ਤੇ ਭਾਈ ਸਤੀਦਾਸ ਜੀ ਭਾਈ ਪਰਾਗਾ ਜੀ ਦੇ ਸਪੁੱਤਰ ਤੇ ਮਹਾਤਮਾ ਗੌਤਮ ਦਾਸ ਦੇ ਪੋਤੇ ਸਨ। ਭਾਈ ਪਰਾਗਾ ਜੀ ਨੇ ਗੁਰੂ ਹਰਿਗੋਬਿੰਦ ਜੀ ਪਾਸੋਂ ਸਿੱਖੀ ਦੀ ਦਾਤ ਪ੍ਰਾਪਤ ਕੀਤੀ ਸੀ ਤੇ ਆਪਣੇ ਚਾਰੇ ਪੁੱਤਰਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਜਤੀ ਦਾਸ ਜੀ ਤੇ ਭਾਈ ਸਖੀ ਦਾਸ ਜੀ ਨੂੰ ਵੀ ਸਿੱਖ ਧਰਮ ਵਿਚ ਗੁਰੂ ਸਾਹਿਬ ਦੀ ਚਰਨ ਪਾਹੁਲ ਦੁਆਰਾ ਪ੍ਰਵੇਸ਼ ਕਰਵਾਇਆ ਸੀ। ਭਾਈ ਮਤੀ ਦਾਸ ਜੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਦੀਵਾਨ ਤੇ ਭਾਈ ਸਤੀ ਦਾਸ ਜੀ ਲਿਖਾਰੀ ਦੀ ਪੱਦਵੀ ਤੇ ਸੇਵਾ ਕਰਦੇ ਸਨ। ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਨੇ ਸਿੱਖੀ ਸਿਦਕ ਨੂੰ ਕਾਇਮ ਰੱਖਦਿਆਂ ਦਿੱਲੀ ਦੇ ਚਾਂਦਨੀ ਚੌਂਕ ਵਿਚ ਆਪਣੀਆਂ ਸ਼ਹਾਦਤਾਂ ਦਿੱਤੀਆਂ ਸਨ। ਪਤਾ ਨਹੀ ਇਸ ਬ੍ਰਾਹਮਣ ਸਭਾ ਨੂੰ ਭਾਈ ਮਤੀਦਾਸ ਜੀ ਨੂੰ ਗੁਰੂ ਮਤੀ ਦਾਸ ਸ਼ਰਮਾ ਲਿਖਣ ਦੀ ਇਹ ਕੋਝੀ ਹਰਕਤ ਕਰਨ ਦੀ ਲੋੜ ਕਿਉਂ ਮਹਿਸੂਸ ਹੋ ਗਈ ਹੈ। ਇਹ ਸੱਚਮੁੱਚ ਹੀ ਸਿੱਖੀ ਵਿਰਸੇ ਨੂੰ ਮਿਲਗੋਭਾ ਕਰਨ ਦੀ ਇਕ ਗੁੱਝੀ ਸ਼ਰਾਰਤ ਹੈ। ਕੌਮਾਂ ਦਾ ਭਵਿੱਖ ਉਹਨਾਂ ਦੇ ਸੁਨਹਿਰੀ ਵਿਰਸੇ ਨਾਲ ਹੀ ਬਣਦਾ ਹੈ। ਅੱਜ ਲੋੜ ਹੈ ਆਪਣੇ ਵਿਰਸੇ ਨੂੰ ਕਾਇਮ ਰੱਖਣ ਦੀ ਇਹਨਾਂ ਸ਼ਰਾਰਤੀਆਂ ਨੂੰ ਨੱਥ ਪਾਉਣ ਦੀ। ਸਿੱਖ ਕੌਮ ਦੀ ਸਿਰਮੌਰ ਜੱਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਕੌਮ ਦੀ ਸਿਰਮੌਰ ਹਸਤੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜੱਥੇਦਾਰ ਜੀ ਨੂੰ ਇਸ ਸੰਬੰਧੀ ਜਰੂਰੀ ਕਦਮ ਚੁੱਕਣ ਦੀ ਜ਼ਰੂਰਤ ਹੈ ਤਾਂ ਕਿ ਅੱਗੋਂ ਵਾਸਤੇ ਇਹੋ ਜਿਹੀਆਂ ਘਟੀਆ ਕਿਸਮ ਦੀਆਂ ਸ਼ਰਾਰਤਾਂ ਨਾਲ ਕੌਮ ਦੇ ਜਜਬਾਤਾ ਤੇ ਵਿਰਸੇ ਨਾਲ ਖੇਡਣ ਦੀ ਕੋਈ ਜੁਰਅਤ ਨਾ ਕਰ ਸਕੇ। ❑❑❑

ਦੋ ਸਾਲਾ ਸਿੱਖ ਮਿਸ਼ਨਰੀ ਪੱਤਰ ਵਿਹਾਰ ਕੋਰਸ ਵਿੱਚ ਦਾਖਲਾ ਲੈ ਕੇ ਗੁਰਮਤਿ ਦੀ ਸਹੀ ਤੇ ਖੋਜ ਭਰਪੂਰ ਜਾਣਕਾਰੀ ਪ੍ਰਾਪਤ ਕਰੋ। ਪ੍ਰਾਸਪੈਕਟਸ ਕਾਲਜ ਦੇ ਮੁੱਖ ਦਫਤਰ ਪਾਸੋਂ 7_ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਮੰਗਵਾਉ ਜੀ।

ਫ਼ਤਹਨਾਮਾ ਤੇ ਜ਼ਫ਼ਰਨਾਮਾ

— ਪ੍ਰਿ: ਸਤਿਬੀਰ ਸਿੰਘ

ਗੁਰੂ ਗੋਬਿੰਦ ਸਿੰਘ ਜੀ ਦਾ ਫ਼ਤਹਨਾਮਾ ਲਿਖਣਾ :

ਗੁਰੂ ਗੋਬਿੰਦ ਸਿੰਘ ਜੀ ਨੇ ਕਨੇਚ ਤੋਂ ਹੀ ਪਹਿਲੀ ਆਈ ਚਿੱਠੀ ਦਾ ਜੁਆਬ ਲਿਖਿਆ। ਭਾਈ ਦਇਆ ਸਿੰਘ ਜੀ ਚਿੱਠੀ ਪਹੁੰਚਾਉਣ ਲਈ ਔਰੰਗਜ਼ੇਬ ਕੋਲ ਦੱਖਣ ਗਏ। ਨਬੀ ਖ਼ਾਨ ਤੇ ਗ਼ਨੀ ਖ਼ਾਨ ਨੇ ਪੰਜਾਬ ਤੋਂ ਬਾਹਰ ਤੱਕ ਸਹਾਇਤਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ–

"ਔਰੰਗਜ਼ੇਬ ਤੈਨੂੰ ਇਹ ਔਰੰਗਜ਼ੇਬ ਵਾਲਾ ਨਾਂ ਨਹੀਂ ਫੱਬਦਾ। ਤੇਰੀ ਤਸਬੀ ਮਣਕਿਆਂ ਤੇ ਧਾਗੇ ਤੋਂ ਵੱਧ ਕੋਈ ਹੈਸੀਅਤ ਨਹੀਂ ਰੱਖਦੀ ਕਿਉਂਕਿ ਤੂੰ ਮਣਕਿਆਂ ਨੂੰ ਦਾਣਾ ਤੇ ਧਾਗੇ ਨੂੰ ਜਾਲ ਬਣਾਇਆ ਹੋਇਆ ਹੈ। ਆਪਣੀ ਭੈੜੀ ਕਰਤੂਤ ਨਾਲ ਤੂੰ ਆਪਣੇ ਪਿਤਾ ਦੀ ਮਿੱਟੀ ਨੂੰ ਆਪਣੇ ਭਰਾ ਦੇ ਖ਼ੂਨ ਨਾਲ ਗੁੰਨ੍ਹਿਆਂ ਹੈ। ਤੈਨੂੰ ਮਾਣ ਆਪਣੇ ਰਾਜ ਉੱਤੇ ਹੈ ਤੇ ਮੈਨੂੰ ਆਪਣੇ ਕਰਤਾਰ ਉੱਤੇ ਹੈ। ਕੀ ਹੋਇਆ ਜੇ ਗਿੱਦੜ ਨੇ ਆਪਣੀ ਚਾਲਾਕੀ ਤੇ ਧੋਖੇ ਨਾਲ ਸ਼ੇਰ ਦੇ ਦੋ ਬੱਚਿਆਂ ਨੂੰ ਮਾਰ ਦਿੱਤਾ ਹੈ। (ਇਝ ਲੱਗਦਾ ਹੈ ਕਿ ਅਜੇ ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਨਹੀਂ ਪੁੱਜੀ ਸੀ।) ਅਜੇ ਸ਼ੇਰ ਜ਼ਿੰਦਾ ਹੈ ਜੋ ਤੇਰੇ ਕੋਲੋਂ ਬਦਲਾ ਲੈ ਲਵੇਗਾ। ਮੈਨੂੰ ਤੇਰੀਆਂ ਕਸਮਾਂ ਉਤੇ ਰਤਾ ਵੀ ਇਤਬਾਰ ਨਹੀਂ, ਇਸ ਲਈ ਤਲਵਾਰ ਨੂੰ ਵਰਤਣ ਦੇ ਸਿਵਾ ਮੇਰੇ ਕੋਲ ਹੋਰ ਕੋਈ ਚਾਰਾ ਨਹੀਂ। ਜੇ ਤੂੰ ਤਜ਼ਰਬੇਕਾਰ ਬਘਿਆੜ ਹੈਂ, ਤਾ ਮੈਂ ਵੀ ਇਧਰੋਂ ਸ਼ੇਰ ਛੱਡ ਸਕਦਾ ਹਾਂ। ਅੰਤ ਵਿਚ ਗੁਰੂ ਜੀ ਨੇ ਵੰਗਾਰ ਪਾਈ ਕਿ ਅਜੇ ਵੀ ਤੇਰੀ ਲੜਨ ਦੀ ਇੱਛਾ ਹੈ ਤਾਂ ਮੈਦਾਨ ਵਿਚ ਆ, ਦੋਵਾਂ ਦਾ ਮੁਕਾਬਲਾ ਹੋ ਜਾਏਗਾ। ਤੂੰ ਨਾਜ਼-ਨਿਆਮਤ ਵਿਚ ਪਲਦਾ ਰਹਿਆ ਹੈਂ ਅਤੇ ਅਜੇ ਤੱਕ ਤੈਨੂੰ ਕੋਈ ਜੰਗੀ ਜੁਆਨ ਨਹੀਂ ਟੱਕਰਿਆ। ਇਕ ਗੱਲ ਯਾਦ ਰੱਖੀਂ ਕਿ ਪੱਥਰ ਬੇਸ਼ੱਕ ਸੋਨੇ ਦੇ ਕਾਸੇ (ਬਰਤਨ) ਨੂੰ ਤੋੜ ਦੇਵੇ ਪਰ ਪੱਥਰ-ਪੱਥਰ ਹੀ ਹੈ ਤੇ ਸੋਨਾ ਸੋਨਾ ਹੀ, ਭਾਵੇਂ ਉਹ ਟੁੱਟ ਗਿਆ ਹੈ।" ਇਸ ਫ਼ਤਹਨਾਮੇ ਦੇ ਕੁੱਲ ਸਾਢੇ ਤੇਈ ਸ਼ਿਅਰ ਹੀ ਮਿਲ ਸਕੇ ਹਨ।

ਬੀਰਤਾ ਦਾ ਇਕ ਹੋਰ ਨਮੂਨਾ : 'ਉਚ ਦੇ ਪੀਰ', ਬਣੇ ਹੋਏ ਆਪ ਜੀ ਜੱਟਪੁਰੇ ਪੁਜੇ ਸਨ। ਰਾਇ ਕੱਲਾ ਉਨ੍ਹਾਂ ਨੂੰ ਆਪਣੇ ਪਾਸ ਲੈ ਗਿਆ। ਉਥੇ ਗੁਰੂ ਜੀ ਕੁਛ ਚਿਰ ਟਿਕੇ। ਉਥੋਂ ਸ਼ਲਿਆਣੀ, ਚਕਰ, ਤਖਤੂਪੁਰਾ ਤੇ ਮਸ਼ੇਲ ਪਿੰਡਾਂ ਵਿਚੋਂ ਹੁੰਦੇ ਹੋਏ ਰਾਇ ਜੋਧ ਦੇ ਪੋਤਰੇ ਸ਼ਮੀਰ ਪਾਸ ਜਾ ਪੁੱਜੇ। ਦੀਨੇ ਪਿੰਡ ਆਪ ਜੀ ਨੇ ਟਿਕਾਣਾ ਭਾਈ ਦੇਸੂ ਤਰਖਾਣ ਦੇ ਚੁਬਾਰੇ ਵਿਚ ਕੀਤਾ। ਦੇਸੂ ਨੇ ਨਵਾਂ-ਨਵਾ ਚੁਬਾਰਾ ਪਾਇਆ ਸੀ। ਰਾਇ ਜੋਧ ਗੁਰੂ ਹਰਿਗੋਬਿੰਦ ਜੀ ਦਾ ਇਕ ਸ਼ਰਧਾਲੂ ਸਿੱਖ ਸੀ। ਰਾਇ ਜੋਧ ਦੀ ਔਲਾਦ ਨੇ ਕਾਂਗੜ ਪਿੰਡ ਵਿਚੋਂ ਉੱਠ ਕੇ ਨਵਾਂ ਪਿੰਡ 'ਦੀਨਾ' ਵਸਾਇਆ ਸੀ। ਤਿੰਨਾਂ ਭਰਾਵਾਂ–ਸ਼ਮੀਰ, ਲਖਮੀਰ ਤੇ ਤਖ਼ਤ ਮੱਲ ਨੇ ਨਾਂਹ ਸਿਰਫ਼ ਪੂਰੀ ਰਾਖੀ ਹੀ ਰੱਖੀ ਸਗੋਂ ਗੁਰੂ-ਪਾਤਸ਼ਾਹ ਦੀ ਚੰਗੀ ਆਓ-ਭਗਤ ਵੀ ਕੀਤੀ। ਸਰਹੰਦ ਦੇ ਨਵਾਬ ਨੂੰ ਜਦ ਇਸ ਗੱਲ ਦੀ ਸੂਹ ਮਿਲੀ ਕਿ ਉਹ ਤਿੰਨਾਂ ਭਰਾਵਾਂ ਨੇ ਗੁਰੂ ਜੀ ਨੂੰ ਪਾਸ ਰੱਖਿਆ ਹੋਇਆ ਹੈ ਤਾਂ ਉਸਨੇ ਧਮਕੀ ਭਰਿਆ ਪੱਤਰ ਲਿਖਿਆ। ਪੱਤਰ ਇਸ ਪ੍ਰਕਾਰ ਸੀ "ਤੁਸਾਂ ਪਰਜਾ ਤੇ ਬਾਦਸ਼ਾਹ (ਹਜ਼ਰਤ) ਦੇ ਵੈਰੀ ਨੂੰ ਪਨਾਹ ਦਿੱਤੀ ਹੈ। ਉਸ (ਗੁਰੂ ਗੋਬਿੰਦ ਸਿੰਘ) ਨੂੰ ਬੰਨ੍ਹ ਕੇ ਸਰਹੰਦ ਪਹੁੰਚਾ ਦਿਓ, ਨਹੀਂ ਤਾਂ ਤੁਹਾਡੇ ਉੱਤੇ ਵੀ ਫ਼ੌਜ ਚੜ੍ਹ ਆਏਗੀ ਤੇ ਗੁਰੂ ਸਮੇਤ ਤੁਹਾਡਾ ਖਾਤਮਾ ਕੀਤਾ ਜਾਵੇਗਾ।" ਪਰ ਤਿੰਨੋਂ ਭਰਾ ਡਟੇ ਰਹੇ ਤੇ ਸਰਹੰਦ ਦੇ ਨਵਾਬ ਨੂੰ ਮੋੜਵਾਂ ਉੱਤਰ ਭੇਜਿਆ 'ਜਿਵੇਂ ਤੁਸੀਂ ਆਪਣੇ ਪੀਰਾਂ-ਮੁਰਸ਼ਦਾਂ ਨੂੰ ਮੰਨਦੇ, ਸੇਵਦੇ ਹੋ, ਤਿਵੇਂ ਅਸੀਂ ਭੀ ਸਤਿਗੁਰੂ ਜੀ ਦੀ ਸੇਵਾ-ਪੂਜਾ ਇਸ਼ਟ ਜਾਣ ਹੀ ਕਰਦੇ ਹਾਂ! ਅਸੀਂ ਬਾਬੇ ਨਾਨਕ ਦੇ ਮੁਰੀਦ ਤੇ ਆਪਣੇ ਪੀਰ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸ ਤਰ੍ਹਾਂ ਤੁਹਾਡੇ ਹਵਾਲੇ ਕਰ ਸਕਦੇ ਹਾਂ ? ਸਾਥੋਂ ਇਹ ਗੱਲ ਤਿੰਨ ਕਾਲ ਵੀ ਨਹੀਂ ਹੋ ਸਕਦੀ।' ਪਰ ਗੁਰੂ ਜੀ ਨੇ ਉਥੋਂ ਜਾਣ ਦਾ ਸੰਕਲਪ ਦੱਸ ਦਿੱਤਾ। ਤਿੰਨੇ ਭਰਾਵਾਂ ਨੇ ਕਾਫ਼ੀ ਚਿਰ ਗੁਰੂ ਜੀ ਨੂੰ ਟਿਕਾਈ ਰੱਖਿਆ। ਗੁਰੂ ਜੀ ਨੇ ਉਥੋਂ ਹੀ ਥਾਂ-ਥਾਂ ਹੁਕਮਨਾਮੇ ਭੇਜੇ। ਉਥੇ ਹੀ ਤਕੜੀ ਫ਼ੌਜ ਵੀ ਬਣਾ ਲਈ।

ਜ਼ਫ਼ਰਨਾਮਾ : ਗੁਰੂ ਜੀ ਦਾ ਇਹ ਵਿਚਾਰ ਬਣਿਆ ਵੀ ਲੱਗਦਾ ਸੀ ਕਿ ਬਹਾਦਰ ਸ਼ਾਹ ਦੇ ਨਾਇਬ ਨਵਾਬ ਮੁਨਇਮ ਖ਼ਾਨ ਨੂੰ ਵੀ ਇਤਲਾਹ ਦੇ ਦਿੱਤੀ ਜਾਏ ਤਾਂ ਕਿ ਔਰੰਗਜ਼ੇਬ ਨੂੰ ਸਭ ਗੱਲ ਤੋਂ ਜਾਣੂੰ ਕਰਾਇਆ ਜਾ ਸਕੇ ਪਰ ਦੂਜੇ ਪਾਸੇ ਸਰਹੰਦ ਦਾ ਨਵਾਬ ਛੇਤੀ ਹੀ ਟਾਕਰਾ ਕਰਕੇ ਗੁਰੂ ਜੀ ਨੂੰ ਰਾਹ ਤੋਂ ਹਟਾਉਣਾ ਚਾਹੁੰਦਾ ਸੀ। ਉਥੋਂ ਹੀ ਗੁਰੂ ਜੀ ਨੇ ਸੰਸਾਰ-ਪ੍ਰਸਿੱਧ ਚਿੱਠੀ 'ਜ਼ਫਰਨਾਮਾ' ਲਿਖੀ। ਇੰਜ ਪ੍ਰਤੀਤ ਹੁੰਦਾ ਹੈ ਕਿ ਔਰੰਗਜ਼ੇਬ ਨੂੰ ਜਦ ਪਹਿਲਾ ਫਤਹਿਨਾਮਾ ਮਿਲ ਗਿਆ ਸੀ ਤਾਂ ਉਸ ਨੇ ਖਾਸ ਆਦਮੀਆਂ ਹੱਥੀਂ ਆਪਣੀ ਦੂਜੀ ਚਿੱਠੀ ਭੇਜੀ। ਸਰਹੰਦ ਦੇ ਨਵਾਬ ਨੂੰ ਪੂਰੀ ਸੂਹ ਮਿਲ ਗਈ ਸੀ। ਮਹਾਰਾਜ ਨੇ ਜ਼ਫ਼ਰਨਾਮਾ ਵੀ ਔਰੰਗਜ਼ੇਬ ਨੂੰ ਸੰਬੋਧਨ ਕਰਕੇ ਲਿਖਿਆ। ਆਪ ਜੀ ਨੇ ਆਪਣਾ ਮਤ ਦੱਸਿਆ ਕਿ ਉਨ੍ਹਾਂ ਤਲਵਾਰ ਮਜ਼ਬੂਰ ਹੋ ਕੇ ਉਠਾਈ ਸੀ। ਜਦੋਂ ਕੋਈ ਵੀ ਹੀਲਾ ਕੰਮ ਨ ਕਰੇ ਤਾਂ ਤਲਵਾਰ ਉਠਾਉਣਾ ਠੀਕ ਹੀ ਨਹੀਂ ਸਗੋਂ ਧਰਮ ਵੀ ਹੈ। ਇਹ ਸਮਝਣਾ ਕਿ ਚਾਰ ਬੱਚੇ ਮਾਰਨ ਨਾਲ ਅੱਗ ਬੁਝਾ ਦਿੱਤੀ ਹੈ, ਭੁੱਲ ਹੈ। ਇਹ ਯਾਦ ਕਰਾਇਆ ਅਜੇ (ਪੇਚੀਦਾ ਮਾਰ) ਖ਼ਾਲਸਾ ਜ਼ਿੰਦਾ ਹੈ। ਉਸ ਚਿੱਠੀ ਵਿਚ ਗੁਰੂ ਜੀ ਨੇ ਔਰੰਗਜ਼ੇਬ

ਨੂੰ ਦੱਖਣ ਜਾ ਕੇ ਨਾ ਮਿਲਣ ਦੀ ਗੱਲ ਵੀ ਆਖੀ ਸੀ। ਉਸ ਦੇ ਉਲਟ ਸਗੋਂ ਇਹ ਕਹਿਆ ਕਿ ਔਰੰਗਜ਼ੇਬ ਕਾਂਗੜ ਦੇਸ਼ ਆਏ। ਉਸਦੀਆਂ ਕਸਮਾਂ ਨੂੰ ਫ਼ਰੇਬ ਦੀ ਨਵੀਂ ਚਾਲ ਕਿਹਾ। ਇਹ ਚਿੱਠੀ ਗੁਰੂ ਜੀ ਦੀ ਚੜ੍ਹਦੀ ਕਲਾ ਦੀ ਇਕ ਮੂੰਹ-ਬੋਲਦੀ ਤਸਵੀਰ ਹੈ। ਭਾਈ ਸੇਵਾ ਰਾਮ ਜੀ ਆਪਣੀਆਂ ਪਰਚੀਆਂ ਵਿਚ ਲਿਖਦੇ ਹਨ ਕਿ ਗੁਰੂ ਜੀ ਨੇ ਲਿਖਿਆ :

"ਜਦ ਦਾ ਤੂੰ ਬਾਦਸ਼ਾਹ ਹੋਇਆ ਹੈਂ, ਤਦ ਦਾ ਤੂੰ ਬੇਇਨਸਾਫ਼ੀ ਕਰਦਾ ਹੈਂ, ਇਨਸਾਫ਼ ਦਾ ਕੋਈ ਫ਼ੇਲ (ਕੰਮ) ਤੂੰ ਨਹੀਂ ਕੀਤਾ। ਮੈਂ ਇਕ ਪੱਥਰ (ਅਨੰਦਪੁਰ ਦੀ ਪਹਾੜੀ) ਉੱਪਰ ਬਸੇਰਾ ਰੱਖਦਾ ਸਾਂ ਅਤੇ ਨਿਰਦਾਵੇ ਕਰ ਬਸੇਰਾ ਕਰਦਾ ਸਾਂ; [illegible] ਤੇਰਾ ਗਾਂਵ (ਇਲਾਕਾ) ਨਾ ਖਾਵਤਾ ਥਾ। ਰਾਜਿਆਂ ਸਾਥ ਰਲਕੇ ਤੂੰ ਮੇਰੀ ਆਉਰ (ਵੱਲ) ਫ਼ੌਜਾਂ ਭੇਜੀਆਂ। ਜੈਸਾ ਤੂੰ ਬੇਇਨਸਾਫ਼, ਤੈਸੇ ਤੇਰੇ ਰਾਜੇ ਬੇਇਨਸਾਫ਼; ਰਲ ਮਿਲ ਤੁਮਹੁ ਨੇ ਮੇਰੇ ਬੇਟੇ ਮਾਰੇ, ਅਉਰਤਾਂ ਮਾਰੀਆਂ, ਸਿੱਖ ਸੰਗਤੀ ਮਾਰੀਆਂ, ਘੋੜੇ ਲੁੱਟੇ। ਸੋ ਤੇਰੀ ਬੇਇਨਸਾਫ਼ੀ ਕਰ ਐਸਾ ਹੋਇਆ ਹੈ। ਪਰ ਨਾ ਭੁੱਲ ਕਿ ਇਹ ਬੇਇਨਸਾਫ਼ੀ ਤੇਰੇ ਘਰ ਹੀ ਹੈ, ਸਾਹਿਬ (ਵਾਹਿਗੁਰੂ) ਕੇ ਘਰ ਤੋ ਐਸਾ ਇਨਸਾਫ਼ ਹੈ, ਨਾਂਹ ਤਿਲ ਜਿਤਨੀ ਭਲਾਈ ਕਿਸੀ ਭੀ ਗਵਾਵਤਾ ਹੈ, ਨਾਂਹ ਤਿਲ ਜਿਤਨੀ ਬੁਰਾਈ ਕਿਸੀ ਕੀ ਗਵਾਵਤਾ ਹੈ। ਜਦ ਪਰਵਰਦਗਾਰ ਅਦਾਲਤ ਪੁਰ ਬੈਸੇਗਾ। ਅਰ ਤੁਮ ਸਿਉ ਪੁਛੇਗਾ ਜੋ ਰਾਮਦਾਸ (ਪਰਮ ਪੁਰਖ ਕਾ ਦਾਸਾ—ਗੋਬਿੰਦ ਸਿੰਘ ਗੁਰੂ) ਤੇਰਾ ਕੀ ਵਿਗਾੜਿਆ ਸੀ ਜੋ ਉਸਦੇ ਸਾਥ ਤੈਂ ਐਸੀ ਤਾਦੀ (ਲੜਾਈ) ਕੀਤੀ। ਤਬ ਤੂੰ ਕਿਆ ਜਵਾਬ ਕਰੇਂਗਾ। ਖਬਰਦਾਰ ਹੋਹੁ, ਉਹ ਵਕਤ ਆਇਆ ਕਿ ਆਇਆ। ਜਿਤਨੇ ਦੋਜ਼ਕ ਬਣਾਏ ਹਨ, ਤਿਤਨੇ ਬੇਇਨਸਾਫ਼ਾਂ ਦੇ ਨਮਿਤ ਬਣਾਏ ਹਨ। ਉਹਾਂ ਬਾਦਸ਼ਾਹ ਅਰ ਕੀੜਾ ਬਰਾਬਰ ਹੈ। ਕੀੜੇ ਦੀ ਪੁਕਾਰ ਪਹਲੇ ਸੁਨਤਾ ਹੈ।"

"ਜੇ ਤੈਨੂੰ ਇਹ ਗ਼ੁਮਾਨ ਹੈ ਕਿ ਬੰਦਗੀ ਕਰਦਾ ਰਹਿਆ ਹੈਂ, ਬੰਦਗੀ ਇਸ ਦਾ ਨਾਮ ਨਹੀਂ ਜੋ ਚਾਰ ਰਵਾਇਤਾਂ ਮੁੱਖ ਤੋਂ ਪੜ੍ਹ ਛੱਡੀਆਂ। ਖਾਸ ਬੰਦਗੀ ਨਫ਼ਸ ਦੀ ਮੁਖ਼ਾਲਫ਼ਤ ਹੈ। ਮਨ ਸਿਉਂ ਉਲਟਾ ਬਰਤਨਾ ਠੀਕ ਬੰਦਗੀ ਹੈ। ਮਨ ਕਾ ਕਹਿਆ ਨਾ ਕਰਨਾ। ਸੋ ਤੂੰ ਉਲਟਾ ਆਪਣੇ ਮਨ ਦਾ ਕਰਦਾ ਰਹਿਆ ਹੈਂ। ਮਨ ਕੀ ਖ਼ੁਸ਼ੀ ਦੇ ਨਮਿਤ ਆਪਣਾ ਬਾਪ ਮਾਰਿਆ। ਮਨ ਕੀ ਖ਼ੁਸ਼ੀ ਨਮਿਤ ਆਪਣੇ ਭਾਈ ਮਾਰੇ। ਦਾਰਾ, ਸੁਜਹ ਅਰ ਮੁਰਾਦ ਮੁਕਾਇਆ। ਸੋ ਤੈਂ ਬੰਦਗੀ ਕਉਨ ਸੀ ਕੀਤੀ ਹੈ ?"

"ਜੇ ਤੈਨੂੰ ਇਹ ਗ਼ੁਮਾਨ ਹੈ ਕਿ ਬੁੱਤ-ਪ੍ਰਸਤੀ ਦੂਰ ਕੀਤੀ ਹੈ, ਇਹ ਗ਼ੁਮਾਨ ਵੀ ਝੂਠਾ ਹੈ। ਸੋ ਜਿਸ ਵਕਤ ਤੈਂ ਬੁੱਤ ਢਾਹੇ, ਮੰਦਰ ਗਰਾਏ, ਘਰ-ਘਰ ਬੁੱਤ ਹੋਰ ਬਣੇ। ਕਿਨਹੂ ਆਟੇ ਕੇ ਬੁੱਤ ਬਣਾਏ। ਕਿਨਹੂੰ ਮੋਮ ਕੇ ਬੁੱਤ ਬਣਾਏ। ਕਿਨਹੂੰ ਮਾਟੀ ਕੇ ਬੁੱਤ ਬਣਾਏ। ਆਪਣਾ ਨੇਮ ਸਾਧ ਕਰ ਰੋਟੀ ਖਾਈ। ਸੋ ਜਦ ਤੂੰ ਕਿ ਬੁੱਤ ਨਾ ਤੋੜਦਾ ਤਾਂ ਲੱਖਾਂ-ਬੁੱਤ ਆਰਾਸਤਾ ਨਾਂਹ ਹੁੰਦੇ। ਖਾਸਾ ਬੁੱਤ ਖ਼ੁਦੀ ਹੈ। ਸਭ ਬੁੱਤਾਂ ਦੀ ਮਾਂ ਖ਼ੁਦੀ ਹੈ। ਜਿਨ੍ਹਾਂ ਨੇ ਖ਼ੁਦੀ ਮਾਰਿਆ ਹੈ, ਖਾਸਾ ਬੁੱਤ ਉਨ੍ਹਾਂ ਨੇ ਹੀ ਢਾਹਿਆ—

—"ਭੰਨ ਆਪਣੇ ਆਪ ਨੂੰ ਜੋ ਬੁਤ ਦਾ ਭੰਨਣਾ ਇਹੋ ਹਈ।

ਤੇ ਉਪਰਤ ਹੋਵਹੁ ਇਸ ਹਉਮੈ ਥੀ, ਜੋ ਕੈਦ ਤੇ ਛੁਟਣਾ ਇਹੋ ਹਈ।

ਤੇ ਸਾਹਿਬ ਲੋਕਾਂ ਦੇ ਹਿਰਦੇ ਸਾਧ ਹਿਰਦਾ ਮਿਲਾਇ।

ਜੋ ਗੋਸ਼ੇ ਬਹਣ ਵਿਚ ਅਸਾਡਾ ਪੰਥ ਇਹੋ ਹਈ।"

—"ਬਿਸ਼ਕੰਨ ਖੁਦਰਾ ਕਿ ਬੁਤ ਸ਼ਿਕਸਤਨ ਈਸ਼ਾਂ।

ਬਗਜ਼ਰਜ਼ਿ ਖ਼ੁਦੀ ਜ਼ਿ ਕੈਦ ਰਸਤਨ ਈਸ਼ਾਂ।"

"ਜੇ ਤੈਨੂੰ ਗ਼ੁਮਾਨ ਹੈ ਕਿ ਤੂੰ ਸ਼ਰਹ ਉਪਰ ਕਾਇਮ ਹੈਂ, ਸੋ ਸਭ ਹੀ ਪੰਥਹੁ ਕੇ ਸ਼ਰਹ ਇੱਕ ਸਮਾਨ ਹਨ। ਜਦ ਪੰਥਹੁ ਕੇ ਸ਼ਰਾਹ ਕਰਕੇ ਬਖ਼ਸ਼ੇ ਜਾਤੇ ਤਬ ਸਾਹਿਬ ਦਾ ਭਜਨ ਕਉਨ ਕਰਦਾ ? ਜੋ ਸਾਹਿਬ ਦੇ ਭਜਨ ਬਿਨਾਂ, ਅਰ ਸਾਹਿਬ ਲੋਕਾਂ ਦੀ ਖ਼ੁਸ਼ੀ ਬਿਨਾਂ ਹੀ ਮੁਕਤਿ ਹੋਣਾ ਚਾਹੁੰਦਾ ਹੈ, ਤਿਸ ਦਾ ਦਾਵਾ ਝੂਠਾ ਹੈ।"

"ਜੇ ਤੈਨੂੰ ਇਹ ਗ਼ੁਮਾਨ ਹੈ ਕਿ ਲੋਕ ਤੇਰਾ ਜੱਸ ਕਰਦਾ ਹੈ, ਜਸ ਪ੍ਰਯੋਜਨ ਨਮਿਤ ਲੋਕ ਫ਼ਿਰਾਊਨ ਦਾ ਵੀ ਕਰਦਾ ਸੀ। ਸੋ ਤਿਸ ਫ਼ਿਰਾਊਨ ਨੂੰ ਪਰਵਰਦਗਾਰ ਦੋਜ਼ਕ ਵਿਚ ਜਲਾਇਆ ਹੈ। ਖਾਸ ਜੱਸ ਇਹ ਹੈ, ਜਿਸ ਦਾ ਹਿਰਦਾ ਸਾਹਿਬ ਲੋਕਾਂ ਦੇ ਹਜ਼ੂਰ ਹੋਇਆ ਹੈ, ਜਿਸ ਵਿਚ ਨਿੰਮ੍ਰਤਾ ਹੈ ਤੇ ਲੋਕ ਭਲਾਈ ਹੈ।"

ਤ੍ਵਾਰੀਖ ਪੰਜਾਬ ਵਾਲਾ ਲਿਖਦਾ ਹੈ "ਇਕ ਖ਼ਤ, ਜਿਸ ਨੂੰ 'ਜ਼ਫ਼ਰਨਾਮਾ' ਕਹਿੰਦੇ ਹਨ, ਔਰੰਗਜ਼ੇਬ ਬਾਦਸ਼ਾਹ ਨੂੰ ਲਿਖਿਆ, ਜਿਸ ਵਿਚ ਬਾਦਸ਼ਾਹ ਲਈ ਬੜੇ ਕਰਾਰੇ ਤੇ ਕਰੜੇ ਸ਼ਬਦ ਵਰਤੇ, ਉਹ ਖ਼ਤ ਆਪਣੇ ਖਾਸ ਸੇਵਾਦਾਰ ਦਯਾ ਸਿੰਘ ਹੱਥ ਬਾਦਸ਼ਾਹ ਤਕ ਪਹੁੰਚਾਇਆ। ਜਦ ਦਯਾ ਸਿੰਘ ਖ਼ਤ ਲੈ ਕੇ ਔਰੰਗਜ਼ੇਬ ਵੱਲ ਔਰੰਗਾਬਾਦ ਵਿਖੇ ਪੁੱਜਾ ਤਾਂ ਉਸ ਨੇ ਗੱਜ ਕੇ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ" ਕਹਿਆ। ਬਾਦਸ਼ਾਹ ਬੋਲਿਆ ਕਿ 'ਖ਼ਾਲਸੇ ਨੇ ਏਨੀ ਜਲਦੀ ਕਿਉਂ ਕੀਤੀ ? ਉੱਤਰ ਮਿਲਿਆ 'ਤੇਰੀ ਜਲਦੀ ਕਰਨ ਕਰਕੇ', ਫਿਰ ਬਾਦਸ਼ਾਹ ਪੁੱਛਿਆ ਕਿ ਕੀ ਗੁਰੂ ਜੀ ਕੋਈ ਕਰਾਮਾਤਾਂ ਵੀ ਰੱਖਦੇ ਹਨ ? ਦਯਾ ਸਿੰਘ ਨੇ ਮੋੜਵਾਂ ਕਹਿਆ, 'ਉਨ੍ਹਾਂ ਦੇ ਤਾਂ ਕੁੱਤਿਆਂ ਵਿਚ ਵੀ ਕਰਾਮਤਾਂ ਹਨ।' ਗੁਰੂ ਜੀ ਦਾ ਪੱਤਰ ਪੜ੍ਹਨ ਨਾਲ ਔਰੰਗਜ਼ੇਬ ਬੀਮਾਰ ਹੋ ਗਿਆ। ਉਸ ਨੇ ਪੰਜਾਬ ਦੇ ਨਾਜ਼ਮਾਂ ਨੂੰ ਹੁਕਮ ਜਾਰੀ ਕੀਤੇ ਕਿ ਗੁਰੂ ਜੀ ਨਾਲ ਸਿਦਕ-ਸਫ਼ਾਈ ਨਾਲ ਪੇਸ਼ ਆਵਣ।"

ਅਹਿਮਦ ਸ਼ਾਹ ਬਟਾਲਵੀ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਜਦ ਪਹਿਲੀ ਚਿੱਠੀ ਦਾ ਉੱਤਰ ਆਇਆ ਤਾਂ ਉਨ੍ਹਾਂ ਦੂਜੀ ਲਿਖੀ ਜਿਸਦਾ ਭਾਵ ਸੀ :

(ਬਾਕੀ ਪੰਨਾ 19 ਤੇ)

ਕੇਸ ਦਾਨ ਦਾ ਮਹੱਤਵ

ਡਾ. ਜਸਵੰਤ ਸਿੰਘ ਨੇਕੀ

ਕੇਸਾਂ ਦੀ ਧਰਮ ਦੇ ਇਤਿਹਾਸ ਵਿਚ ਵਿਸ਼ੇਸ਼ ਮਹਾਨਤਾ ਹੈ। ਇਹ ਉਹ ਪਹਿਚਾਣ ਹੈ, ਜਿਸ ਨਾਲ ਕੁਦਰਤ ਨੇ ਸਾਨੂੰ ਸਜਾਇਆ ਹੈ। ਜੰਮਦਿਆਂ ਹੀ ਇਹ ਪੋਸ਼ਾਕ ਪਰਮਾਤਮਾ ਨੇ ਸਾਨੂੰ ਪਹਿਨਾਈ। ਮਰਨ ਵੇਲੇ ਵੀ ਇਸ ਦਾ ਰੇਸ਼ਮੀ ਚੰਦੋਆ ਸਾਡੇ ਉਪਰ ਹੁੰਦਾ ਹੈ।

'ਕੇਸ' ਸ਼ਬਦ ਦਾ ਮੂਲ ਧਾਤੂ ਪਾਣਿਨੀ ਨੇ 'ਕਾਸ਼' ਦੱਸਿਆ ਹੈ, ਜਿਸ ਦਾ ਅਰਥ ਹੈ 'ਜੋਤੀ'। ਇਸ ਨਾਤੇ ਕੇਸ ਜੋਤੀ ਨੂੰ ਆਕਰਸ਼ਤ ਕਰਨ ਵਾਲੇ ਮੰਨੇ ਗਏ ਹਨ। ਯਜੁਰਵੇਦ ਅਨੁਸਾਰ ਅਰੋਗਤਾ, ਤੇਜ ਤੇ ਬਲ ਵਧਾਉਣ ਲਈ ਕੇਸ ਹੋਣੇ ਜ਼ਰੂਰੀ ਹਨ।" ਅਰਥਵਵੇਦ ਅਨੁਸਾਰ "ਕੇਸ ਬੀਜੇ ਨਹੀਂ ਜਾਂਦੇ।" ਇਹਨਾਂ ਨੂੰ ਪੱਟਣਾ ਜਾਂ ਕੱਟਣਾ ਵਾਜਬ ਨਹੀਂ। ਸਗੋਂ ਕੇਸ ਧਾਰਨ ਕਰਕੇ ਸ਼ਕਤੀ ਤੇ ਮਾਣ ਨੂੰ ਵਧਾਉਣਾ ਚਾਹੀਦਾ ਹੈ। ਇਉਂ ਜਾਪਦਾ ਹੈ ਕੇਸ ਭਾਰਤ ਦੀ ਅਧਿਆਤਮਕ ਸੰਸਕ੍ਰਿਤੀ ਦੇ ਚਿੰਨ੍ਹ ਸਨ। ਸਾਰੇ ਰਿਸ਼ੀ, ਸਾਰੇ ਅਵਤਾਰ ਕੇਸਧਾਰੀ ਸਨ। ਭੱਦਣ (ਮੁੰਡਨ) ਤਾਂ ਸੋਗ ਦੀ ਨਿਸ਼ਾਨੀ ਮੰਨਿਆ ਜਾਂਦਾ ਸੀ। ਮਹਾਤਮਾ ਬੁੱਧ ਵੀ ਜਦੋਂ ਸੰਸਾਰ ਤੋਂ ਉਪਰਾਮ ਹੋਏ ਤੇ ਰਾਜ-ਪਾਟ ਤਿਆਗ ਘਰੋਂ ਨਿਕਲ ਤੁਰੇ ਤਾਂ ਪਹਿਲਾਂ ਉਹਨਾਂ ਕੇਸ ਕਟਵਾ ਦਿੱਤੇ ਪਰ ਜਦ ਉਹ ਗਿਆਨ ਪ੍ਰਾਪਤ ਕਰ ਕੇ ਪਰਤੇ ਤਾਂ ਉਹਨਾਂ ਦੁਬਾਰਾ ਕੇਸ ਧਾਰਨ ਕਰ ਲਏ। ਇਸ ਨਾਤੇ ਕੇਸ ਗਿਆਨ ਦੇ ਸੰਕੇਤਕ ਹਨ।

ਕੇਵਲ ਭਾਰਤ ਵਿਚ ਹੀ ਨਹੀਂ, ਸਾਮੀ ਧਰਮਾਂ ਦੇ ਪੀਰ-ਪੈਗੰਬਰ ਵੀ ਸਾਰੇ ਹੀ ਕੇਸਾਧਾਰੀ ਸਨ। ਮੁਸਲਮਾਨਾਂ ਦੇ ਰਸੂਲ ਹਜ਼ਰਤ ਮੁਹੰਮਦ ਸਾਹਿਬ ਨੂੰ ਗੇਸੂ-ਦਰਾਜ਼ (ਲੰਮੇ ਕੇਸਾਂ ਵਾਲੇ) ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਈਸਾਈ ਧਰਮ ਦੇ ਪੈਗੰਬਰ ਹਜ਼ਰਤ ਈਸਾ ਮਸੀਹ ਵੀ ਕੇਸਾਧਾਰੀ ਸਨ। ਅੱਜ ਵੀ ਅਧਿਆਤਮਕ ਪ੍ਰਾਪਤੀ ਵਾਲੇ ਬੰਦੇ ਸਹਿਜੇ ਹੀ ਕੇਸਾਧਾਰੀ ਹੋ ਜਾਂਦੇ ਹਨ।

ਇਉਂ ਜਾਪਦਾ ਹੈ ਕਿ ਇਕ ਪਾਸੇ ਕੇਸ ਸਦਾ ਤੋਂ ਅਧਿਆਤਮਕਤਾ ਦਾ ਚਿੰਨ੍ਹ ਮਨੀਂਦੇ ਚਲੇ ਆਏ ਹਨ ਤਾਂ ਦੂਜੇ ਪਾਸੇ ਕੇਸ-ਦਾੜ੍ਹੀ ਮਰਦਪੁਣੇ ਦਾ, ਸੂਰਬੀਰਤਾ ਦਾ ਤੇ ਨਿਰਭੈਤਾ ਦਾ ਭੀ ਚਿੰਨ੍ਹ ਹਨ। ਚੰਗੇ ਕੇਸ ਸੁੰਦਰਤਾ, ਤੇਜ, ਸ਼ਕਤੀ ਤੇ ਸੁਆਸਥ ਦੇ ਪ੍ਰਤੀਕ ਮੰਨੇ ਗਏ ਹਨ। ਸਿੰਘਾਂ ਵਾਲਾ ਸੁਭਾਅ ਪੈਦਾ ਕਰਨ ਲਈ ਸਿੰਘਾਂ ਵਾਲਾ ਰੂਪ ਵੀ ਲਾਜ਼ਮੀ ਹੈ।

ਇਉਂ ਕੇਸ ਕੇਵਲ ਭਗਤੀ ਦੇ ਹੀ ਨਹੀਂ, ਸ਼ਕਤੀ ਦੇ ਵੀ ਉਚਿਤ ਪ੍ਰਤੀਕ ਹਨ। ਜਿਹੜੇ ਧਰਮ ਦਾ ਉਦੇਸ਼ ਸੰਤ-ਸਿਪਾਹੀਆਂ ਦੀ ਫ਼ੌਜ ਸਿਰਜਣ ਦਾ ਹੋਵੇ, ਉਸ ਲਈ ਸੁਭਾਵਕ ਸੀ ਕਿ ਉਹ ਕੇਸਾਂ ਦੇ ਆਦਿਮ-ਪ੍ਰਤਿਰੂਪਕ ਮਹੱਤਵ (Archety... significance) ਨਾਲ ਆਪਣਾ ਸੰਬੰਧ ਗੰਢਦੀ। ਇਸ ਦ੍ਰਿਸ਼ਟੀ ਤੋਂ ਸਿੱਖ ਧਰਮ ਵਿਚ ਕੇਸਾਂ ਦੀ ਮਹੱਤਤਾ ਦਾ ਪ੍ਰਵੇਸ਼ ਲਾਜ਼ਮੀ ਸੀ। ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਕੇਸਾਂ ਦੇ ਸਤਿਕਾਰ ਦੀ ਪ੍ਰਥਾ ਸ਼ੁਰੂ ਹੋ ਗਈ। ਜਦੋਂ ਬਾਬੇ ਨੇ ਮਰਦਾਨੇ ਨੂੰ ਉਮਰ ਭਰ ਦਾ ਸਾਥੀ ਬਣਨ ਲਈ ਰਜ਼ਾਮੰਦ ਕੀਤਾ ਤਾਂ ਉਸ ਨੂੰ ਕਿਹਾ, "ਮਰਦਾਨਿਆ! ਇਹਨਾਂ ਤਿੰਨ ਗੱਲਾਂ ਨੂੰ ਪੱਲੇ ਬੰਨ੍ਹ ਲੈ, ਇਕ ਕੇਸ ਨਹੀਂ ਕਟਾਉਣੇ, ਦੂਜੇ ਅੰਮ੍ਰਿਤ-ਵੇਲਾ ਨਹੀਂ ਖੁੰਝਾਉਣਾ, ਤੀਜੇ ਆਏ ਗਏ ਗੁਰਸਿੱਖਾਂ-ਅਤਿਥੀਆਂ ਦੀ ਸੇਵਾ ਪਿਆਰ ਨਾਲ ਕਰਨੀ।" ਜਾਪਦਾ ਹੈ, ਕੇਸ ਰੱਖਣ ਦਾ ਆਦੇਸ਼ ਤਾਂ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਹੋ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਵੇਲੇ ਕੇਸ ਸਿੱਖੀ-ਰਹਿਤ ਦਾ ਜ਼ਰੂਰੀ ਭਾਗ ਬਣ ਗਏ ਤੇ ਕੇਸਾਂ ਦੇ ਕਤਲ ਨੂੰ ਬੱਜਰ ਕੁਰਹਿਤ ਕਰਾਰ ਦਿੱਤਾ ਗਿਆ।

ਇਹ ਬੜੀ ਨਿਰਣਾ-ਜਨਕ ਗੱਲ ਹੈ ਕਿਉਂਕਿ ਇਹ ਭੁਲੇਖਾ ਆਮ ਤੁਰਿਆ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਕੇਸ ਰੱਖਣ ਦਾ ਆਦੇਸ਼ ਕੋਈ ਨਹੀਂ ਸੀ। ਇਸ ਗੱਲ ਦੇ ਕਿ ਇਹ ਆਦੇਸ਼ ਗੁਰੂ ਨਾਨਕ ਸਾਹਿਬ ਜੀ ਵੇਲੇ ਹੀ ਪ੍ਰਚੱਲਤ ਹੋ ਗਿਆ ਸੀ, ਹੋਰ ਵੀ ਸਬੂਤ ਹਨ। ਬੜੀਆਂ ਉਹਨਾਂ ਥਾਵਾਂ 'ਤੇ, ਜਿੱਥੇ ਗੁਰੂ ਨਾਨਕ ਦੇਵ ਜੀ ਦੀ ਲਾਈ ਸਿੱਖੀ ਦੇ ਬੂਟੇ ਅਜੇ ਕਾਇਮ ਹਨ, ਪਰ ਜਿੰਨ੍ਹਾਂ ਦਾ ਸੰਪਰਕ ਮਗਰਲੇ ਗੁਰੂ ਸਾਹਿਬਾਂ ਨਾਲ ਕਦੇ ਨਹੀਂ ਹੋਇਆ, ਗੁਰੂ ਨਾਨਕ ਨਾਮ-ਲੇਵਾ ਜਟਾ-ਜੂਟ ਕੇਸਾ-ਧਾਰੀ ਹਨ।

ਗੁਰਬਾਣੀ ਵਿਚ ਕੇਸ ਦਾੜ੍ਹੀ ਨੂੰ ਸੁੱਚੇ ਆਚਰਨ ਦੇ ਪ੍ਰਤੀਕ ਬਣਾਉਣ ਦਾ ਆਦੇਸ਼ ਹੈ :

ਮੁਖ ਸਚੇ, ਸਚੁ ਦਾੜੀਆ, ਸਚੁ ਬੋਲਹਿ ਸਚੁ ਕਮਾਹਿ॥

(ਪੰਨਾ ੧੪੧੯)

ਗੁਰੂ ਅਰਜਨ ਦੇਵ ਜੀ ਨੇ 'ਸਾਬਤ ਸੂਰਤ' ਰਹਿਣ ਤੇ ਸਿਰ ਉਪਰ ਦਸਤਾਰ ਸਜਾਉਣ ਨੂੰ ਮਹਿਮਾ ਜੋਗ ਜਾਣਿਆ ਹੈ :

ਸਾਬਤ ਸੂਰਤਿ ਦਸਤਾਰ ਸਿਰਾ॥ (ਪੰਨਾ ੧੦੮੪)

ਇਉਂ ਕੇਸਾਂ ਦੀ ਮਹੱਤਤਾ ਸ਼ੁਰੂ ਤੋਂ ਹੀ ਚਲੀ ਆਉਂਦੀ ਸੀ।

ਕੇਸਾ ਉੱਪਰ ਆਕ੍ਰਮਣ ਵੀ ਗੁਰੂ ਸਾਹਿਬ ਦੇ ਹੁੰਦਿਆਂ ਹੀ ਸ਼ੁਰੂ ਹੋ ਗਿਆ ਸੀ। ਮੁਗਲ ਹਾਕਮਾਂ ਦੇ ਜੋ ਵੀ ਸਿੱਖ ਹੱਥ ਆਉਂਦਾ, ਉਸਨੂੰ ਮਾਰਨ ਤੋਂ ਪਹਿਲਾਂ ਕੇਸ ਕਤਲ ਕਰਨਾ ਲੋਚਦੇ ਸਨ। ਪਰ ਸਿੱਖ ਜਾਨ ਦੇ ਦਿੰਦੇ ਸਨ, ਕੇਸ ਨਹੀਂ ਦਿੰਦੇ ਸਨ। ਗੁਰੂ ਤੇਗ ਬਹਾਦਰ ਜੀ ਦੇ ਸਾਹਵੇਂ ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ, ਉਨ੍ਹਾਂ ਸੀਸ ਦੇ ਦਿੱਤਾ, ਕੇਸਾਂ ਦੀ ਆਬਰੂ ਨਹੀਂ ਜਾਣ ਦਿੱਤੀ। ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭਾਉਂਦੇ ਸ਼ਹੀਦੀਆ ਪ੍ਰਾਪਤ ਕਰ ਗਏ।

ਭਗਤੀ ਤੇ ਸ਼ਕਤੀ ਦਾਂ ਪ੍ਰਤੀਕ 'ਕੇਸ' ਪਹਿਲੇ ਗੁਰੂ ਸਾਹਿਬਾਂ ਵੇਲੇ ਹੀ ਹੋ ਚੁੱਕੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਅੰਮ੍ਰਿਤਧਾਰੀ ਸਿੱਖਾਂ ਦੀ ਬਾਹਰੀ ਰਹਿਤ ਦਾ ਜ਼ਰੂਰੀ ਅੰਗ ਹੀ ਬਣਾ ਦਿੱਤਾ। ਸਾਰੇ ਰਹਿਤਨਾਮੇ ਇਸ ਤੱਥ ਦੀ ਸ਼ਾਹਦੀ ਭਰਦੇ ਹਨ। ਕੇਸਾਂ ਦੀ ਕਿਸੇ ਪ੍ਰਕਾਰ ਦੀ ਨਿਰਾਦਰੀ ਸਿੰਘਾਂ ਨੂੰ ਅਪ੍ਰਵਾਨ ਹੋਣ ਲੱਗੀ।

ਕੇਸਾਂ ਦੀ ਰਹਿਤ ਮੁਤਾਬਿਕ ਸਿੱਖ ਪਰਿਭਾਸ਼ਾ ਵਿਚ ਕੁਝ ਨਵੇਂ ਸੰਕੇਤਕ ਸ਼ਬਦ ਵਰਤੀਣ ਲੱਗੇ। ਜਿਨ੍ਹਾਂ ਨੇ ਅਜੇ ਕੇਸ ਧਾਰਨ ਨਹੀਂ ਸਨ ਕੀਤੇ, ਪਰ ਸਿੱਖੀ ਧਾਰਨ ਕਰ ਲਈ ਸੀ ਤੇ ਆਪਣੇ-ਆਪ ਨੂੰ ਅੰਮ੍ਰਿਤਧਾਰੀ ਹੋਣ ਲਈ ਤਿਆਰ ਕਰ ਰਹੇ ਸਨ, ਉਹਨਾਂ ਨੂੰ ਸਹਿਜਧਾਰੀ ਸਿੱਖ ਆਖਿਆ ਜਾਣ ਲੱਗਾ। ਜੋ ਪ੍ਰਾਣੀ ਇਸ ਤਿਆਰੀ ਵਿਚ ਕੇਸਾਧਾਰੀ ਵੀ ਹੋ ਗਏ ਸਨ, ਪਰ ਅਜੇ ਅੰਮ੍ਰਿਤਧਾਰੀ ਨਹੀਂ ਸਨ, ਉਹ ਵੀ ਸਹਿਜਧਾਰੀ ਹੀ ਸਨ। ਪਰ ਜੋ ਅੰਮ੍ਰਿਤਪਾਨ ਕਰ ਕੇ ਰਹਿਤਵਾਨ ਹੋ ਗਏ, ਉਹ ਅੰਮ੍ਰਿਤਧਾਰੀ ਸਿੱਖ ਹੋਏ। ਜੋ ਅੰਮ੍ਰਿਤ-ਪਾਨ ਕਰਕੇ ਫਿਰ ਕੇਸਾਂ ਦੀ ਬੇਅਦਬੀ ਕਰ ਬੈਠੇ, ਉਨ੍ਹਾਂ ਨੂੰ 'ਪਤਿਤ' ਕਿਹਾ ਜਾਣ ਲੱਗਾ। ਪਰ, ਜਿਨ੍ਹਾਂ ਵੇਖੋ-ਵੇਖੀ ਕੇਸ ਤਾਂ ਰੱਖ ਲਏ, ਪਰ ਅੰਮ੍ਰਿਤ-ਪਾਨ ਕਰਨ ਦਾ ਸੰਕਲਪ ਨਹੀਂ ਬਣਾਇਆ, ਉਹੀ ਭੇਖੀ ਸਿੱਖ ਗਿਣੇ ਜਾਣ ਲੱਗੇ।

ਧਰਹਿ ਕੇਸ ਪਾਹੁਲ ਬਿਨਾ ਭੇਖੀ ਮੂੜਾ ਸਿਖ।

—ਰਹਿਤਨਾਮਾ ਭਾਈ ਸਾਹਿਬ ਸਿੰਘ

ਜੇਕਰ ਕੇਸਾਧਾਰੀ ਸਿੱਖ ਕੁਰਹਿਤੀਆ ਹੋ ਜਾਵੇ ਤਾਂ ਸ਼ੋਭਾਹੀਣ ਸਮਝਿਆ ਜਾਂਦਾ ਸੀ :

ਤਿਮ ਕੁਰਹਿਤੀਏ ਕੇਸ ਰਖਾਏ।
ਕਹਹੁ ਸੁ ਕੈਸੇ ਸ਼ੋਭਾਂ ਪਾਏ ?

—ਰਹਿਤਨਾਮਾ ਭਾਈ ਦੇਸਾ ਸਿੰਘ

ਬੜੀ ਜਲਦੀ ਇਹ ਪ੍ਰਤੱਖ ਹੋਣ ਲੱਗ ਪਿਆ ਕਿ ਇਹ ਧਰਮ ਲੁਕ-ਛੁਪ ਕੇ ਨਹੀਂ ਜੀਵਿਆ ਜਾ ਸਕਦਾ। ਕੇਸ ਖ਼ਾਲਸੇ ਦਾ 'ਨੀਸਾਣ' ਹੋ ਗਏ। "ਜੇ ਲੱਖ ਹਿੰਦੂ ਅਤੇ ਲੱਖ ਮੁਸਲਮਾਨ ਹੋਵਨਿ ਤਾਂ ਭੀ ਸਿੱਖ ਵਿਚ ਛੁਪਦਾ ਨਹੀਂ। ਕਿਉਂ ਜੋ ਹੱਛਾ ਦਾਹੜਾ, ਸਿਰ 'ਤੇ ਕੇਸ, ਸੋ ਕਿਥੋਂ ਛਪੈ।" (ਸਾਖੀ ਰਹਿਤ ਕੀ, ਭਾਈ ਨੰਦ ਲਾਲ)। ਕੇਸ 'ਗੁਰੂ ਕੀ ਮੁਹਰ' ਤੇ ਸਿੱਖੀ-ਸਿਦਕ ਦਾ ਐਲਾਨ ਵੀ ਹੋ ਗਏ ਤੇ ਸਿੱਖਾਂ ਦੀ ਸ਼ਨਾਖਤ ਵੀ ਕਿਉਂਕਿ ਸਿੱਖ ਛੁਪ ਨਹੀਂ ਸੀ ਸਕਦਾ, ਸੋ ਕੇਸਾਂ ਵਾਲਿਆਂ ਦੀ ਆਚਰਨਕ ਜ਼ਿੰਮੇਵਾਰੀ ਵਧ ਗਈ। ਉਨ੍ਹਾਂ ਉਤੇ ਕੇਸ ਦਾੜ੍ਹੀ ਦੀ ਲਾਜ ਰੱਖਣ ਦੀ ਜ਼ਿੰਮੇਵਾਰੀ ਵੀ ਪੈ ਗਈ। ਇਉਂ ਕੇਸਾਂ ਦੀ ਦਾਤ ਸਾਡੇ ਆਚਰਨ ਦਾ ਝੂਲਦਾ ਨਿਸ਼ਾਨ ਬਣ ਗਈ।

ਕੇਸ, ਇਕ ਤਰ੍ਹਾਂ ਨਾਲ, ਆਪਣੇ ਮੁਰਸ਼ਦ ਦਾ ਐਲਾਨ ਵੀ ਹੋ ਗਏ। ਕੇਸਾਂ ਵਾਲਿਆਂ ਨੂੰ ਗੁਰੂ ਦੇ ਸਿੱਖ ਕਿਹਾ ਜਾਣ ਲੱਗਾ। ਦਾੜ੍ਹੀ-ਕੇਸ ਤੋਂ ਮੁਨਕਰ ਹੋ ਕੇ ਸਿੱਖ, ਆਪਣੇ ਗੁਰੂ ਨੂੰ ਗੋਪਦਾ (ਲੁਕਾਉਂਦਾ) ਹੈ। ਪਰ ਗੁਰਮਤਿ ਅਨੁਸਾਰ ਤਾਂ :

ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ
ਓਨਿ ਲਾਹਾ ਮੂਲੁ ਸਭੁ ਗਵਾਇਆ॥

(ਪੰਨਾ ੩੦੪)

ਦਰ-ਅਸਲ ਮੁਗਲਾਂ ਵੇਲੇ ਤਾਂ ਇਹ ਸਰਕਾਰੀ ਹੁਕਮ ਹੋ ਗਿਆ ਸੀ ਕਿ ਸਵਾਏ ਹਾਜੀਆਂ ਦੇ ਕੋਈ ਦਾੜ੍ਹੀ ਨਾ ਰੱਖੇ। ਸਿੱਖਾਂ ਨੂੰ ਦਾੜ੍ਹੀ ਕੇਸ ਵਾਲਾ ਬਣਾ ਕੇ ਸਤਿਗੁਰਾਂ ਇਕ ਤਰ੍ਹਾਂ ਰਹਿਤ ਦੀ ਅਜ਼ਾਦੀ ਦਾ ਐਲਾਨ ਕੀਤਾ। ਇਹ ਐਲਾਨ ਵੀ ਓਡਾ ਹੀ ਮਹੱਤਵਪੂਰਨ ਸੀ, ਜੇਡਾ ਗੁਰੂ ਤੇਗ ਬਹਾਦਰ ਜੀ ਦਾ ਐਲਾਨ ਕਿ ਹਰ ਇਕ ਨੂੰ ਆਪਣੀ ਮਰਜ਼ੀ ਅਨੁਸਾਰ ਆਪਣਾ ਧਰਮ ਗ੍ਰਹਿਣ ਕਰਨ ਦਾ ਹੱਕ ਹੈ।

ਪੂਜਾ ਦੀ ਆਜ਼ਾਦੀ ਗੁਰੂ ਤੇਗ ਬਹਾਦਰ ਜੀ ਦੀ ਦਾਤ ਹੈ, ਰਹਿਤ ਦੀ ਆਜ਼ਾਦੀ ਗੁਰੂ ਗੋਬਿੰਦ ਸਿੰਘ ਜੀ ਦੀ। ਕੇਸ, ਜੋ ਹੁਣ ਤਕ ਭਗਤੀ ਤੇ ਸ਼ਕਤੀ ਦਾ ਚਿੰਨ੍ਹ ਸਨ, ਆਜ਼ਾਦੀ ਦਾ ਵੀ ਚਿੰਨ੍ਹ ਹੋ ਗਏ।

ਆਮ ਤੌਰ 'ਤੇ ਕੋਈ ਵੀ ਸਰਕਾਰ ਆਪਣੀ ਪਰਜਾ ਅੰਦਰ ਆਜ਼ਾਦੀ ਦਾ ਜਜ਼ਬਾ ਉਭਰਦਾ ਬਰਦਾਸ਼ਤ ਨਹੀਂ ਕਰ ਸਕਦੀ। ਉਸ ਨੂੰ ਇਸ ਵਿਚੋਂ ਵਿਦਰੋਹ ਦੀ ਬੂ ਆਉਣ ਲੱਗ ਜਾਂਦੀ ਹੈ। ਇਹੋ ਕਾਰਨ ਹੈ ਕਿ ਜਦ ਕੇਸ ਪੰਥ ਦੀ ਆਜ਼ਾਦ ਹਸਤੀ ਦਾ ਚਿੰਨ੍ਹ ਬਣ ਗਏ ਤਾਂ ਸਰਕਾਰ ਨੂੰ ਖਟਕਣ ਲੱਗੇ। ਤਦ ਤੋਂ ਜਾਪਦਾ ਹੈ ਕਿ ਇਹ ਹਰ ਸਰਕਾਰ ਨੂੰ ਖਟਕਦੇ ਆਏ ਹਨ।

ਸਭ ਤੋਂ ਪਹਿਲਾਂ ਇਹ ਮੁਗਲਾਂ ਨੂੰ ਖਟਕੇ। ਉਨ੍ਹਾਂ ਕੇਵਲ ਦਾੜ੍ਹੀ-ਕੇਸ ਰੱਖਣ ਦੀ ਸਰਕਾਰੀ ਤੌਰ 'ਤੇ ਮਨਾਹੀ ਹੀ ਨਹੀਂ ਸੀ ਕੀਤੀ, ਕੇਸਾਂ ਵਾਲਿਆਂ ਦੇ ਸਿਰ ਉਤਾਰਨ ਦੀ ਮੁਹਿਮ ਵੀ ਜਾਰੀ ਕੀਤੀ ਸੀ। ਸਿੱਖਾਂ ਦੇ ਸਿਰਾਂ ਦੇ ਇਨਾਮ ਰੱਖੇ ਗਏ। ਲੋਕਾਂ ਨੇ ਸਿੱਖਾਂ ਦੇ ਸਿਰਾਂ ਦੀਆਂ ਕੀਮਤਾਂ ਵੱਟੀਆਂ। ਸਿੱਖਾਂ ਵੀ ਸਿਰ ਦੇ ਦਿੱਤੇ, ਪਰ ਕੇਸ ਨਾ ਦਿੱਤੇ। ਕੇਸ ਸਿੱਖੀ-ਸਿਦਕ ਦਾ ਚਿੰਨ੍ਹ ਹੋ ਗਏ। ਅਰਦਾਸ ਵਿਚ, ਜਿੱਥੇ ਕੇਸਾਂ ਦੇ ਦਾਨ ਦੀ ਯਾਚਨਾ ਹੋਣ ਲੱਗੀ, ਉਥੇ ਇਹ ਬੇਨਤੀ ਵੀ ਅਰਦਾਸ ਦਾ ਅੰਗ ਹੋ ਗਈ ਕਿ 'ਸਿੱਖੀ ਕੇਸਾਂ ਸੁਆਸਾਂ ਸੰਗ ਨਿਭੇ।"

ਅਬਦਾਲੀ ਨੇ ਫੂਲਕੀਆਂ ਮਿਸਲ ਦੇ ਆਗੂ ਸਰਦਾਰ ਆਲਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਸ ਦੇ ਕੇਸ ਕਤਲ ਕਰਨ ਦਾ ਹੁਕਮ ਕਰ ਦਿੱਤਾ। ਸਰਦਾਰਾ ਆਲਾ ਸਿੰਘ ਦੀ ਪਤਨੀ ਨੇ ਇਕ ਲੱਖ ਰੁਪਿਆ ਅਬਦਾਲੀ ਨੂੰ ਦੇ ਕੇ ਉਨ੍ਹਾਂ ਦੇ ਕੇਸ ਬਚਾਏ। ਕੇਸ ਇਕ ਸਿੱਖ ਲਈ ਸਭ ਤੋਂ ਵੱਡੀ ਦੌਲਤ ਸੀ। ਜਦੋਂ ਜਾਨ-ਬਖ਼ਸ਼ੀ ਦੀ ਸ਼ਰਤ ਕੇਸ ਕਟਾਉਣੇ ਹੋ ਗਈ ਸੀ, ਉਦੋਂ ਵੀ ਅਣਖੀ ਸਿੱਖਾਂ ਜਾਨ ਦੇਣੀ ਪਰਵਾਨ ਕੀਤੀ, ਕੇਸ ਦੇਣੇ ਨਹੀਂ। ਇਉਂ ਕੇਸ ਸਿੱਖੀ-ਅਣਖ ਦਾ ਚਿੰਨ੍ਹ ਵੀ ਹੋ ਗਏ। ਕੇਸਾਂ

ਵਾਲੇ ਸਿੰਘਾਂ ਨੂੰ 'ਸਿਰਦਾਰ ਸਾਹਿਬ' ਕਿਹਾ ਜਾਣ ਲੱਗਾ।

ਅੰਗਰੇਜ਼ ਵੀ ਪਹਿਲੋਂ-ਪਹਿਲ ਸਿੱਖਾਂ ਦੇ ਵਿਰੁੱਧ ਸਨ। ਪੰਜਾਬ ਦੀਆਂ ਲੜਾਈਆਂ ਵਿਚ ਸਿੱਖ ਹਾਰ ਭਾਵੇਂ ਗਏ ਸਨ, ਪਰ ਅੰਗਰੇਜ਼ਾਂ ਦੇ ਦੰਦ ਉਨ੍ਹਾਂ ਨੇ ਬੁਰੀ ਤਰ੍ਹਾਂ ਖੱਟੇ ਕੀਤੇ ਸਨ। ਇਸ ਲਈ ਉਹ ਵੀ ਸਿੰਘਾਂ ਨੂੰ ਖ਼ਤਮ ਕਰਨਾ ਚਾਹੁੰਦੇ ਸਨ। ਉਨ੍ਹਾਂ ਵੀ ਵੱਡੇ-ਵੱਡੇ ਸਿੱਖਾਂ ਨੂੰ ਈਸਾਈ ਬਣਾ ਕੇ ਸਿੱਖਾਂ ਨੂੰ ਆਪਣੇ ਧਰਮ ਤੋਂ ਬੇਮੁੱਖ ਕਰਨ ਦਾ ਯਤਨ ਕੀਤਾ। ਨਾਬਾਲਗ ਮਹਾਰਾਜਾ ਦਲੀਪ ਸਿੰਘ ਨੂੰ ਕੇਸਹੀਣ ਕਰਨ ਹਿਤ ਸਰਕਾਰੀ ਸਪੁਰਦਦਾਰੀ ਅੰਦਰ ਵਲਾਇਤ ਭੇਜ ਦਿੱਤਾ। ਇਹ ਤਾਂ ਮਗਰੋਂ ਜਾ ਕੇ ਅੰਗਰੇਜ਼ ਨੂੰ ਅਹਿਸਾਸ ਹੋਇਆ ਕਿ ਸਿੱਖ ਬੜਾ ਸੂਰਬੀਰ ਫ਼ੌਜੀ ਹੈ ਅਤੇ ਉਸ ਦੀ ਸੂਰਬੀਰਤਾ ਦਾ ਰਾਜ਼ ਮੁੱਖ ਤੌਰ 'ਤੇ ਉਸ ਦੇ ਕੇਸਾਧਾਰੀ ਹੋਣ ਵਿਚ ਹੈ। ਤਦ ਉਸ ਨੇ ਇਕ ਸਰਕਾਰੀ ਹੁਕਮ ਰਾਹੀਂ ਸਿੱਖ ਸਰਕਾਰੀ ਕਰਮਚਾਰੀਆਂ ਨੂੰ ਦਾੜ੍ਹੀ-ਕੇਸਾਂ ਦੀ ਬੇਅਦਬੀ ਤੋਂ ਵਰਜ ਦਿੱਤਾ।

ਆਜ਼ਾਦ ਹਿੰਦ ਵਿਚ ਵੀ ਕੇਸਾਂ ਵਾਲਿਆਂ 'ਤੇ ਆਕ੍ਰਮਣ ਹੋਇਆ, ਜੋ ੧੯੮੪ ਵਿਚ ਪ੍ਰਤੱਖ ਰੂਪ ਵਿਚ ਪ੍ਰਗਟ ਹੋਇਆ। ਫਿਰ ਤੋਂ ਸਿੱਖਾਂ ਅੰਦਰ ਘੱਲੂਘਾਰਿਆਂ ਦੀ ਯਾਦ ਤਾਜ਼ਾ ਹੋ ਗਈ। ਫਿਰ ਤੋਂ ਸਿੱਖਾਂ ਨੂੰ ਅਹਿਸਾਸ ਹੋਣ ਲੱਗਾ ਕਿ ਕੇਸ ਉਨ੍ਹਾਂ ਦੀ ਕੌਮੀ-ਅਣਖ ਦਾ ਚਿੰਨ੍ਹ ਹਨ। ਕੇਸਾਂ ਦੀ ਬੇਅਦਬੀ ਕਰਨ ਵਾਲਾ ਮੁੜ ਸਮੁੱਚੇ ਪੰਥ ਨੂੰ ਬਦਨਾਮ ਕਰਦਾ ਪ੍ਰਤੀਤ ਹੋਣ ਲੱਗਾ। ਅਨੇਕਾਂ ਕੱਚੇ-ਪਿਲਿਆਂ ਨੇ ਕੇਸ ਕਤਲ ਕਰਵਾ ਲਏ। ਇਕ ਵਾਰ ਫਿਰ 'ਖੋਟ' ਨਿਕਲ ਗਿਆ ਪਰ ਬੇਅੰਤ ਸਿਦਕ ਵਾਲੇ ਆਪਣੇ ਸਿਦਕ 'ਤੇ ਕਾਇਮ ਰਹਿੰਦੇ ਸ਼ਹੀਦੀਆਂ ਪਾ ਗਏ। ਬੜਿਆਂ ਦੀ ਅਣਖ ਨੂੰ ਨਵੀਂ ਵੰਗਾਰ ਵੱਜੀ ਤੇ ਉਹਨਾਂ ਕੌਮ ਦੇ ਵਕਾਰ ਨੂੰ ਬਹਾਲ ਕਰਨ ਦਾ ਪ੍ਰਣ ਲਿਆ।

ਇਉਂ ਸਿੱਖ ਕੌਮ ਦਾ ਇਤਿਹਾਸ, ਆਜ਼ਾਦੀ ਦੀ ਜੱਦੋ-ਜਹਿਦ ਦਾ ਅਵਿਰਲ ਇਤਿਹਾਸ ਹੈ। ਇਸ ਜੱਦੋ-ਜਹਿਦ ਵਿਚ ਉਨ੍ਹਾਂ ਦਾ ਸ਼ਨਾਖਤੀ ਕੌਮੀ ਚਿੰਨ੍ਹ, ਉਨ੍ਹਾਂ ਦੇ ਕੇਸ, ਉਨ੍ਹਾਂ ਦੀ ਆਜ਼ਾਦੀ ਦੀ ਲਾਲਸਾ ਦੇ ਪ੍ਰਤੀਕ ਹੋ ਗਏ। ਸੁਭਾਵਕ ਸੀ ਕਿ ਸਿੱਖ ਆਪਣੀ ਅਰਦਾਸ ਵਿਚ 'ਕੇਸ ਦਾਨ' ਲਈ ਵੀ ਯਾਚਨਾ ਕਰਨ ਲੱਗੇ। ❑❑❑

ਫਤਹਿਨਾਮਾ *(ਪੰਨਾ 16 ਦੀ ਬਾਕੀ)*

"ਸਾਡੇ ਆਗੂ ਬਾਬਾ ਨਾਨਕ ਨੇ ਸਾਡੇ ਧਰਮ ਦੀ ਨੀਂਹ ਰੱਬ ਦੀ ਏਕਤਾ ਵਾਲੇ ਸਿਧਾਂਤਾਂ ਉੱਤੇ ਰੱਖੀ ਹੈ, ਅਤੇ ਹੋਰ ਕਿਸੇ ਧਰਮ ਦੀ ਨਕਲ ਨਹੀਂ ਕੀਤੀ ਤੇ ਨਾ ਹੀ ਕਿਸੇ ਧਰਮ ਦੀ ਮਰਯਾਦਾ ਅਪਣਾਈ ਹੈ। ਹਿੰਦੂਆਂ ਦਾ ਇਕ ਟੋਲਾ ਸਦਾ ਸਾਡੇ ਨਾਲ ਵੈਰ ਕਰਦਾ ਰਹਿਆ ਹੈ।"

"ਅਸਾਂ ਜੀਵਨ ਵਿਚ ਸਿਵਾਇ ਸੰਗਰਾਮ ਤੇ ਕਸ਼ਟਾਂ ਦੇ ਹੋਰ ਕੁਝ ਨਹੀਂ ਦੇਖਿਆ। ਅਕਾਲ-ਪੁਰਖ ਤੋਂ ਬਗ਼ੈਰ ਕੋਈ ਆਸਰਾ ਨਹੀਂ। ਵਾਹਿਗੁਰੂ ਅਕਾਲ-ਪੁਰਖ ਨੇ ਵੈਰੀਆਂ ਉੱਤੇ ਸਾਨੂੰ ਵਿਜੈ ਬਖ਼ਸ਼ੀ ਹੈ। ਪਰ ਕੀਨੇ ਦੀ ਅੱਗ ਹੋਰ ਭੜਕ ਉੱਠੀ। ਸਰਹੰਦ ਦੇ ਨਿਰਦਈ ਹਾਕਮ ਨੂੰ ਨਾ ਰੱਬ ਦਾ ਖ਼ੌਫ਼, ਨਾ ਕਿਸੇ ਦੀ ਲੱਜਿਆ ਤੇ ਨਾ ਹੀ ਬਾਦਸ਼ਾਹ ਦੀ ਪ੍ਰਵਾਹ ਸੀ। ਉਸ ਨੇ ਦੋਵਾਂ ਬੱਚਿਆਂ ਨੂੰ ਪੱਕੀਆਂ ਇੱਟਾਂ ਦੀ ਕੰਧ ਵਿਚ ਚਿਣਵਾ ਦਿੱਤਾ। ਦੋਵੇਂ ਬੱਚੇ ਵੀ ਆਪ੍ਰੂੰ ਭੇਜੇ। (ਚਮਕੌਰ ਦੀ ਗੜ੍ਹੀ ਵਿਚ) ਅਸੀਂ ਇਕੱਲਿਆਂ ਰਹਿ ਗਏ। ਅਸੀਂ ਵੀ ਬਾਹਰ ਆਏ ਤੇ ਜਾਨ ਵਾਰਨ ਲਈ ਤੁਲ ਪਏ ਪਰ ਸਾਡਾ ਸਮਾਂ ਅਜੇ ਨਹੀਂ ਸੀ ਪੁੱਜਾ। ਇਸ ਲਈ ਕਿਸੇ ਦੀ ਕੀ ਮਜਾਲ ਸੀ ਕਿ ਸਾਡਾ ਵਾਲ ਵੀ ਵਿੰਗਾ ਕਰਦਾ, ਵੈਰੀ ਫੌਜ ਸਾਡੇ ਸਾਮ੍ਹਣਿਓਂ ਨੱਠਦੀ ਹੈ। ਸਰਹੰਦ ਦੀਆਂ ਫ਼ੌਜਾਂ ਨੇ ਪਿੱਛਾ ਕੀਤਾ ਪਰ ਸਾਡੇ ਇਕ ਹੱਲੇ ਅੱਗੇ ਵੀ ਨਾ ਟਿਕ ਸਕੇ। ਪੁੱਤਰ ਅਤੇ ਸਰਬੰਸ ਵਾਰਿਆ ਹੈ। ਬਿਨਾਂ ਅਕਾਲ-ਪੁਰਖ ਦੇ ਸਾਨੂੰ ਕਿਸੇ ਤੋਂ ਭੈਅ ਨਹੀਂ ਪਰ ਸਾਨੂੰ ਵਿਸ਼ਵਾਸ ਹੈ ਕਿ ਸਾਡੇ ਡੁਲ੍ਹੇ ਲਹੂ ਦਾ ਕਤਰਾ ਵੀ ਵਿਅਰਥ ਨਹੀਂ ਜਾਵੇਗਾ।"

"ਜੋ ਬੀਤੀ ਹੈ ਅਨਿਆਇ ਹੈ। ਜਿਸ ਦਿਨ ਸੱਚੇ ਪਾਤਸ਼ਾਹ ਦੀ ਦਰਗਾਹ ਵਿਚ ਪੇਸ਼ੀ ਹੋਵੇਗੀ ਤੁਹਾਨੂੰ ਇਸ ਦਾ ਜੁਆਬ ਦੇਣਾ ਪਵੇਗਾ। ਉਸ ਸਮੇਂ ਤੁਸੀਂ ਕੀ ਮੂੰਹ ਦਿਖਾਓਗੇ ? ਸਾਨੂੰ ਤੁਹਾਡੇ ਪਾਸ ਆਉਣ ਵਿਚ ਕੋਈ ਇਨਕਾਰ ਨਹੀਂ ਪਰ ਨਵੀਂ ਚਿੱਠੀ ਦੀ ਉਡੀਕ ਜ਼ਰੂਰ ਕਰਾਂਗੇ।" ਸ਼ਾਹੀ ਅਹਿਲਕਾਰਾਂ ਨੂੰ ਗੁਰੂ ਜੀ ਨੇ ਤੁਹਫੇ ਦਿੱਤੇ।

ਬੀਰ-ਪਰੰਪਰਾ ਦੇ ਵਿਕਾਸ ਵਿਚ ਜ਼ਫ਼ਰਨਾਮਾ ਇਕ ਉੱਘਾ ਮੀਲ ਪੱਥਰ ਹੈ। ਸ਼ਾਹਾਂ ਨਾਲ ਟਕਰਾਉਣ ਦੀ ਜੁਰਅਤ ਇਸੇ ਜ਼ਫ਼ਰਨਾਮੇ ਨੇ ਪੈਦਾ ਕੀਤੀ। ਜਦ ਔਰੰਗਜ਼ੇਬ ਨੇ ਇਹ ਜਾਣਿਆ ਕਿ ਗੁਰੂ ਗੋਬਿੰਦ ਸਿੰਘ, ਪਿਤਾ, ਪੁੱਤਰ ਤੇ ਪਿਆਰੇ ਗਵਾ ਕੇ ਈਨ ਮੰਨ ਲਵੇਗਾ ਤਾਂ ਉਸ ਸਮੇਂ ਜ਼ਫ਼ਰਨਾਮਾ ਲਿਖ ਕੇ ਗੁਰੂ ਜੀ ਨੇ ਬੀਰਤਾ ਦੇ ਨਵੇਂ ਪੂਰਨੇ ਪਾਏ। ਭਾਈ ਦਯਾ ਸਿੰਘ ਜੀ ਨੇ ਵੀ ਔਰੰਗਜ਼ੇਬ ਸਾਮ੍ਹਣੇ ਬੀਰਤਾ ਦੇ ਲਕਸ਼ ਦਿੜ੍ਹਾਏ, ਜਦ ਪੁੱਛਿਆ ਕਿ ਸੱਚਮੁੱਚ ਖ਼ਾਲਸਾ ਪੈਦਾ ਹੋ ਗਿਆ ਹੈ ਤਾਂ ਭਾਈ ਦਯਾ ਸਿੰਘ ਜੀ ਨੇ ਕਹਿਆ ਸੀ, 'ਹਾਂ ਪੈਦਾ ਹੋ ਗਿਆ ਹੈ।' ਔਰੰਗਜ਼ੇਬ ਦਾ ਰੰਗ ਪੀਲਾ ਪਿਆ ਸੀ। ਤਖ਼ਤਾਂ ਦੇ ਮਾਲਕਾਂ ਵਿਚ ਖ਼ਾਲਸੇ ਨੇ ਹਲਚਲ ਮਚਾ ਦਿੱਤਾ ਸੀ। ❑❑❑

ਫਤਹਿ

ਕਲਗੀਧਰ ਪਾਤਸ਼ਾਹ ਨੇ ਇਕ ਵਾਰੀ ਫਰਮਾਇਆ ਸੀ ਜੋ ਪਹਿਲਾਂ ਆਂਦੇ ਸਿੱਖ ਨੂੰ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਏਗਾ, ਉਸ ਵਲ ਮੇਰਾ ਮੁੱਖ ਤੇ ਜੋ ਪਿਛੋਂ ਉਸ ਵਲ ਮੋਢਾ ਤੇ ਜੋ ਕੁਏਗਾ ਨਹੀਂ, ਉਸ ਵਲ ਪਿੱਠ। ਜਿਸ ਨੂੰ ਮਿਲੈ ਭਾਉ ਨਾਲ, ਪਿਆਰ ਨਾਲ ਮਿਲੈ। ਹਿਮਤ ਆਪਣੀ ਭਲੀ ਰੱਖੈ। ਕਿਸੇ ਕੰਮ ਤੇ ਇਸਿਤਕਲਾਲ (ਡਾਵਾਂ ਡੋਲ) ਨਾ ਹੋਵੈ। ਮਿਲਾਪ ਆਪਣਾ, ਆਪ ਤੇ ਭਲੇ ਨਾਲ ਕਰੇ। ਜੇਹੇ ਕੇਹੇ ਨਾਲ ਮਿਲੇ ਨਾਹੀ। ਬਹੁਤ ਭੀ ਅਵੇਹੇ ਲੋਕਾਂ ਨਾਲ ਬੈਠੇ ਨਾਹੀ।

ਗੁਜਰੀ ਦਾ ਲਾਲ ਆਇਆ

— ਸ੍ਰ. ਸੰਤਾ ਸਿੰਘ 'ਆਜਿਜ਼'

ਭਾਰਤ ਦੀ ਪ੍ਰਭੁਸਤਾ ਤੇ, ਜੱਦ ਸੀ ਜ਼ੁਵਾਲ ਆਇਆ।
ਹਿੰਦੂ ਧਰਮ ਲਈ ਖਤਰਾ, ਜਦ ਜਾਨੋ ਮਾਲ ਆਇਆ।
ਮੁਸਲਿਮ ਮੁਜਾਹਦਾਂ ਨੂੰ ਮਜ਼ਹਬੀ ਉਬਾਲ ਆਇਆ।
ਢਾਵਣ ਲਈ ਮਠ ਤੇ ਮੰਦਰ, ਮਾਰੂ ਭੂਚਾਲ ਆਇਆ,
ਦਿਲੀ ਦਾ ਸ਼ਾਹ ਔਰੰਗਾ, ਜਦ ਬਣ ਕੇ ਕਾਲ ਆਇਆ।
ਭਾਰਤ ਦੀ ਆਤਮਾ ਨੂੰ, ਕਰਨੇ ਹਲਾਲ ਆਇਆ।
ਜਦ ਮਰਦੇ ਹਿੰਦੀਆਂ ਨੂੰ, ਰਖਿਆ ਦਾ ਖਿਆਲ ਆਇਆ
ਤਦ ਬੇਕਸਾਂ ਦਾ ਰਖੱਸ਼ਕ, ਗੁਜਰੀ ਦਾ ਲਾਲ ਆਇਆ।
ਜਦ ਫਰਕ ਮਿਟ ਗਿਆ ਸੀ, ਸ਼ੁਭ ਤੇ ਅਸ਼ੁੱਭ ਕਰਮ ਦਾ।
ਇਨਸਾਨੀ ਹਿਰਦਿਆਂ ਤੋਂ, ਮਿਟਿਆ ਸੀ ਭਉ ਧਰਮ ਦਾ।
ਸੁੱਕਿਆ ਸੀ ਰੁੱਖ ਹਯਾ ਦਾ, ਝੁੱਕਿਆ ਸੀ ਮੁੱਖ ਸ਼ਰਮ ਦਾ।
ਜਦ ਬਿਖਰੇ ਸਾਂਝਪਨ ਦੇ, ਪੇਟੇ ਤੇ ਤਾਣੇ-ਬਾਣੇ।
ਜਦ ਤਿੜਕੇ ਖੂਨੀ ਰਿਸ਼ਤੇ, ਅਪਨੇ ਬਣੇ ਬੇਗਾਨੇ।
ਪਰ ਦੋਸਤੀ ਦੇ ਕੱਟ ਗਏ, ਟੁੱਟੇ ਸ਼ਾਹੀ ਘਰਾਣੇ।
ਜੱਦ ਹਿੰਦੀ ਏਕਾ ਭੱਜ ਕੇ, ਨਿਰਬਲ ਹੋਏ ਨਿਤਾਣੇ।
ਜਦ ਮਰਦੇ ਹਿੰਦੀਆਂ ਨੂੰ ਰੱਖਿਆ ਦਾ ਖਿਆਲ ਆਇਆ।
ਤਦ ਬੇਕਸਾਂ ਦਾ ਰਖਸ਼ਕ ਗੁਜਰੀ ਦਾ ਲਾਲ ਆਇਆ।
ਇਸਦਾ ਕਰੋ ਸੁਆਗਤ, ਇਸਦਾ ਹੁਕਮ ਬਜਾਉ।
ਇਸਦੇ ਸੁਖਨ ਇਲਾਹੀ, ਹਿਰਦੇ ਦੇ ਵਿਚ ਵਸਾਉ।
ਇਸਦੇ ਨਿਸ਼ਾਨਿਆਂ ਨੂੰ ਸਮਝ ਕਦਮ ਉਠਾਉ।
ਆਜ਼ਾਦੀਆਂ ਦੀ ਮੰਜ਼ਿਲ ਹਿੰਮਤ ਕਰੋ ਤੇ ਪਾਉ।
ਬੰਧਨ ਗੁਲਾਮੀਆਂ ਦੇ, ਆਪਣੇ ਗਲੇ ਤੋਂ ਲਾਹੋ।
ਹੁਣ ਸੱਜ ਕੇ ਸਿੰਘ ਅਕਾਲੀ, ਅੰਮ੍ਰਿਤ ਛਕੋ ਛਕਾਉ।
ਤਦ ਗੂੰਜ ਪਏ ਜੈਕਾਰੇ, ਇਕ ਇਨਕਲਾਬ ਆਇਆ।
ਕੁਰਬਾਨੀਆਂ ਦਾ ਯੱਕ ਦਮ, ਫਿਲਦਾ ਸੈਲਾਬ ਆਇਆ।
ਆਜ਼ਾਦ ਦੇਸ਼ ਕਰਨਾ, ਜਨਤਾ ਨੂੰ ਖ਼ੁਆਬ ਆਇਆ।
ਮਰਨੇ ਦਾ ਸਵਾਲ ਆਇਆ, ਜੀਵਨ ਦਾ ਜਵਾਬ ਆਇਆ।
ਪੀ ਪਾਹੁਲ ਸਿੰਘ ਸਜ ਗਏ, ਕਈ ਸੰਤ ਤੇ ਸਿਪਾਹੀ।
ਝੱਲੀ ਸੀ ਹਰ ਮੁਸੀਬਤ, ਝੱਲੀ ਸੀ ਹਰ ਤਬਾਹੀ।
ਵਾਹ ਤੇਗ ਗਰਕ ਕੀਤੀ, ਮੁਗਲਾਂ ਦੀ ਸ਼ਾਹਿਨਸ਼ਾਹੀ।
ਇਤਿਹਾਸ ਦੇ ਰਿਹਾ ਹੈ, ਇਸ ਅਮਲ ਦੀ ਗਵਾਹੀ।

ਸਿੱਖ ਨੌਜਵਾਨ ਨੂੰ

— ਸ: ਤਰਲੋਚਨ ਸਿੰਘ, ਦੁਪਾਲਪੁਰ

ਵਾਹ ਭਈ ਜੁਆਨਾ ਵਾਹ,
ਤੂੰ ਕਿਹੜੇ ਪੈ ਗਿਐਂ ਰਾਹ ?
ਛੱਡ ਸਤਿਗੁਰ ਜੀ ਦੀ ਬਾਣੀ,
ਕਿਉਂ ਰਿੜਕੀ ਜਾਨੈਂ ਪਾਣੀ ?
ਗੁਰਮਤਿ ਦੇ ਨਿਯਮ ਵਿਸਾਰੇ,
'ਕੱਚਿਆਂ' ਦੇ ਫਿਰਦੈਂ ਦੁਆਰੇ।
ਹੋ ਕੇ ਸਿੱਖ ਪਹਿਨੇ ਟੋਪੀ,
ਲੈਨੈਂ ਕਿਉਂ ਗੁਰੂ ਕ੍ਰੋਪੀ ?
ਹੈ ਫੈਸ਼ਨ-ਪ੍ਰਸਤੀ ਝੂਠੀ,
ਸਿੱਖੀ ਦੀ ਸ਼ਾਨ ਅਨੂਠੀ।
'ਮੱਤ' ਦਸਮ ਗੁਰੂ ਜੋ ਬਖਸ਼ੀ,
ਨਹੀਂ ਪੂਜਾ ਕਰਨੀ 'ਸ਼ਖ਼ਸ਼ੀ'।
ਟੀ.ਵੀ. ਨੇ ਅਕਲ ਹੈ ਮਾਰੀ,
'ਸਿੱਖ ਸੱਭਿਅਤਾ' ਮਨੋਂ ਵਿਸਾਰੀ।
ਨਸ਼ਿਆਂ ਦਾ ਬਣ ਨਾ ਆਦੀ,
ਨਾ ਘਰ ਦੀ ਕਰ ਬਰਬਾਦੀ।
ਜਿਨ ਬਾਣੀ ਪੜ੍ਹੀ ਸਵੇਰੇ,
ਕਿਉਂ ਝੁਕਦਾ ਫਿਰੇ ਚੁਫੇਰੇ ?
ਜੋ ਭੇਖੀ, ਸਾਧ ਪਖੰਡੀ,
ਉਨ੍ਹਾਂ ਪੰਥ 'ਚ ਪਾਈ ਵੰਡੀ।
ਹੈ ਪਤਿਤਪੁਣੇ ਤੋਂ ਬਚਣਾ,
ਬਣ ਸਿੰਘ ਗੁਰੂ ਕੇ ਜਚਣਾ।
ਉੱਨੀ ਸੌ ਨੜਿਨਵੇਂ ਆਇਆ,
ਬਣ ਕਲਗੀਧਰ ਦਾ ਜਾਇਆ।
ਹੈ ਪੰਥ ਅਪਣਾ ਨਿਆਰਾ
ਸਾਨੂੰ ਜਾਨ ਤੋਂ ਵੱਧ ਪਿਆਰਾ।

❑❑❑

ਖਾਲਸਾ ਕਕਾਰ ਸਟੋਰ

ਮਕਾਨ ਨੰਬਰ 9812, ਗਲੀ ਨੰਬਰ 5
ਕੋਟ ਮੰਗਲ ਸਿੰਘ, ਲੁਧਿਆਣਾ, ਫੋਨ — 497985
ਇਥੇ ਕ੍ਰਿਪਾਨਾਂ, ਨਾਈਲੋਨ ਤੇ ਟੈਰੀਕਾਟ ਦੇ ਹਰ ਸਾਈਜ਼ ਦੇ ਗਾਤਰੇ, ਕੰਘੇ, ਕੜੇ, J.C.T. ਅਤੇ ਆਮ ਕੱਪੜੇ ਦੇ ਚਿੱਟੇ, ਕੋਰੇ ਤੇ ਰੰਗਦਾਰ ਕਛਹਿਰੇ ਹਰ ਸਾਈਜ਼ ਦੇ ਅਤੇ ਗੁਰਮਤਿ ਲਿਟਰੇਚਰ ਪ੍ਰਾਪਤ ਕਰੋ ਜੀ।

ਸਰਕਲਾਂ ਦੀਆਂ ਸਰਗਰਮੀਆਂ

ਬਟਾਲਾ ਸਰਕਲ — ਸਰਕਲ ਵਲੋਂ ਹਰ ਐਤਵਾਰ ਸ਼ਾਮ ੫.੦੦ ਤੋਂ ੭.੦੦ ਵਜੇ ਤੱਕ, ਗੁਰਦੁਆਰਾ ਮਸਤਗੜ੍ਹ, ਸਿੰਬਲ ਵਿਖੇ ਗੁਰਮਤਿ ਦੀ ਕਲਾਸ ਲਾਈ ਜਾਂਦੀ ਹੈ।

ਧਾਰੀਵਾਲ ਸਰਕਲ — ਸਰਕਲ ਵਲੋਂ ਵੀ ਧਰਮ ਪ੍ਰਚਾਰ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ ਜਾ ਰਿਹਾ ਹੈ। ਇਸ ਸਰਕਲ ਵਲੋਂ ਗੁਰਦੁਆਰਾ ਬੁਰਜ ਸਾਹਿਬ, ਧਾਰੀਵਾਲ ਵਿਖੇ ਹਰ ਮੱਸਿਆ ਨੂੰ ਕਾਲਜ ਦੀਆਂ ਪੁਸਤਕਾਂ ਦਾ ਸਟਾਲ ਲਗਾਇਆ ਜਾਂਦਾ ਹੈ।

ਚੰਡੀਗੜ੍ਹ — ਸਿੱਖ ਮਿਸ਼ਨਰੀ ਕਾਲਜ ਰਜਿ: ਲੁਧਿਆਣਾ ਵਲੋਂ ਸਾਲਾਨਾ ਗੁਰਮਤਿ ਸਮਾਗਮ ਅਕਤੂਬਰ ਦੇ ਮਹੀਨੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸੈਕਟਰ, ਸੈਕਟਰ 34—C ਚੰਡੀਗੜ੍ਹ ਵਿਖੇ ਕੀਤਾ ਗਿਆ। ਪੂਰੇ ਦੇਸ਼ ਦੇ ਵੱਖ-ਵੱਖ ਸਰਕਲਾਂ ਤੋਂ ਸੰਗਤਾਂ ਇਸ ਸਮਾਗਮ ਵਿਚ ਸ਼ਾਮਲ ਹੋਈਆਂ। ਸਮਾਗਮ ਵਿਚ ਜਿਥੇ ਵੱਡੇ ਮਿਸ਼ਨਰੀ ਵੀਰਾਂ ਨੇ ਵੱਖ-ਵੱਖ ਵਿਸ਼ਿਆਂ ਤੇ ਗੁਰਮਤਿ ਵੀਚਾਰ ਪੇਸ਼ ਕੀਤੇ ਉੱਥੇ ਬਾਲ ਮਿਸ਼ਨਰੀ ਗੁਰਮਤਿ ਸਮਾਗਮ ਸੰਗਤਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਰਿਹਾ। ਬੀਬੀਆਂ ਦੇ ਵਿਸ਼ੇਸ਼ ਗੁਰਮਤਿ ਸਮਾਗਮ ਨੇ ਤਾਂ ਇਹ ਗੱਲ ਸਾਬਤ ਕਰ ਦਿੱਤੀ ਬੀਬੀਆਂ ਵੀ ਧਰਮ ਪ੍ਰਚਾਰ ਦੇ ਖੇਤਰ ਵਿਚ ਵੀਰਾਂ ਤੋਂ ਪਿੱਛੇ ਨਹੀਂ ਹਨ। ਸਮਾਗਮ ਦੌਰਾਨ ਵੀਰਾਂ ਤੇ ਭੈਣਾਂ ਨੇ ਗਤਕੇ ਦੇ ਜੌਹਰ ਵੀ ਵਿਖਾਏ। ਅੰਮ੍ਰਿਤ ਸੰਚਾਰ, ਜੋ ਕਿ ਹਰ ਗੁਰਮਤਿ ਸਮਾਗਮ ਦਾ ਜਰੂਰੀ ਅੰਗ ਹੈ, ਦੌਰਾਨ ੨੫ ਪ੍ਰਾਣੀ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਇਹ ਸਾਰਾ ਪ੍ਰੋਗਰਾਮ ਸੀ.ਟੀ. ਕੇਬਲ ਵਾਲੋਂ ਨਾਲੋਂ ਨਾਲ ਦਿਖਾਇਆ ਗਿਆ। ਇਸ ਸਮੇਂ ਤੇ ਸਿੱਖ ਮਿਸ਼ਨਰੀ ਕਾਲਜ ਵਲੋਂ ਤੇ ਭਾਸ਼ਾ ਵਿਭਾਗ ਵਲੋਂ ਵਿਸ਼ੇਸ਼ ਪੁਸਤਕਾਂ ਦੇ ਸਟਾਲ ... ਗਏ। ਸਮਾਗਮ ਦੌਰਾਨ ਸਿੱਖ ਸ਼ਹੀਦਾਂ ਦੀਆਂ ਤੇ ਗੁਰਮਤਿ ਸਿਧਾਂਤਾਂ ਨੂੰ ਉਜਾਗਰ ਕਰਨ ਵਾਲੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ ਜੋ ਕਿ ਸੰਗਤਾਂ ਦੀ ਵਿਸ਼ੇਸ਼ ਖਿੱਚ ਦਾ ਕਾਰਨ ਬਣੀਆਂ ਰਹੀਆਂ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਰਿਹਾਇਸ਼ ਤੇ ਲੰਗਰ ਦਾ ਜੋ ਪ੍ਰਬੰਧ ਕੀਤਾ ਗਿਆ ਉਸ ਦੀ ਜਿਤਨੀ ਵੀ ਸ਼ਲਾਘਾ ਕੀਤੀ ਜਾਏ ਉਹ ਥੋੜ੍ਹੀ ਹੈ। ਸੱਚਮੁੱਚ ਹੀ ਇਹ ਸਮਾਗਮ ਇਕ ਯਾਦਗਾਰ ਬਣ ਗਿਆ ਹੈ।

ਵਿਸ਼ੇਸ਼ ਗੁਰਮਤਿ ਸਮਾਗਮ (ਨੌਸ਼ਹਿਰਾ ਸਰਕਲ)

'ਸਮੁੱਚੀ ਕੌਮ ਨੂੰ ਅੰਮ੍ਰਿਤਧਾਰੀ' ਬਣਾਉਣ ਦੇ ਟੀਚੇ ਨੂੰ ਸੰਪੂਰਨ ਕਰਨ ਲਈ, ਗੁਰਮਤਿ ਪ੍ਰਚਾਰ ਦੀ ਲਹਿਰ ਨੂੰ ਅੱਗੇ ਤੋਰਦਿਆਂ, ਸਰਕਲ ਨੌਸ਼ਹਿਰਾ ਵਲੋਂ ਮਿਤੀ ੨੩.੮.੯੭ ਤੋਂ ੨੫.੮.੯੭ ਤੱਕ 'ਗੁਰਮਤਿ ਸਮਾਗਮ' ਤੇ 'ਅੰਮ੍ਰਿਤ ਸੰਚਾਰ' ਪ੍ਰੋਗਰਾਮ ਕੀਤਾ ਗਿਆ। ਇਸ ਸਮਾਗਮ ਦੀ ਸਫਲਤਾ ਲਈ ਜਿੱਥੇ ਜੰਮੂ, ਪੁਣਛ, ਊਧਮਪੁਰ, ਕਲਵਾਂ ਸਰਕਲਾਂ ਦੇ ਵੀਰਾਂ ਨੇ ਵੱਧ ਚੜ੍ਹ ਕੇ ਉੱਦਮ ਕੀਤਾ, ਉੱਥੇ ਸੰਗਤਾਂ ਨੇ ਉਚੇਚੇ ਤੌਰ ਤੇ ਪਿੰਡਾਂ ਵਿਚੋਂ ਆ ਕੇ ਭਾਰੀ ਗਿਣਤੀ ਵਿਚ ਹਾਜਰੀ ਭਰੀ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨੌਨਿਹਾਲ ਦੇ ਪ੍ਰਬੰਧਕਾਂ ਤੇ ਰਾਗੀ ਸਿੰਘਾਂ ਦੀ ਜਥੇਬੰਦੀ ਵਲੋਂ ਸਮਾਗਮ ਵਿਚ ਕਥਾ, ਕੀਰਤਨ, ਲੈਕਚਰ ਤੇ ਸ਼ਬਦ ਵੀਚਾਰ ਦੇ ਨਾਲ ਨਾਲ, ਕਵੀ ਦਰਬਾਰ, ਧਾਰਮਿਕ ਪ੍ਰੀਖਿਆ ਅਤੇ ਅੰਮ੍ਰਿਤ ਸੰਚਾਰ ਵੀ ਕੀਤਾ ਗਿਆ।

ਭਾਵੇਂ ਕਿ ਇਸ ਇਲਾਕੇ ਵਿਚ ਦੇਹਧਾਰੀ ਗੁਰੂ-ਡੰਮ੍ਹ ਦਾ ਪਸਾਰਾ ਕਾਫ਼ੀ ਹੈ, ਪਰ ਸੰਗਤਾਂ ਨੇ ਇਸ ਸਮਾਗਮ ਸਮੇਂ ਵੱਡੀ ਗਿਣਤੀ ਵਿੱਚ ਹਾਜਰੀ ਭਰ ਕੇ ਅਤੇ ਗੁਰਮਤਿ ਦੀ ਸੋਝੀ ਪ੍ਰਾਪਤ ਕਰਕੇ, ਖੁਸ਼ੀ ਪ੍ਰਗਟ ਕੀਤੀ। ਸਰਕਲਾਂ ਦੇ ਹਰ ਵੀਰ ਨੇ ਆਪਣੇ-ਆਪਣੇ ਵਿਸ਼ੇ ਅਨੁਸਾਰ ਸੰਗਤਾਂ ਨੂੰ ਭਰਪੂਰ ਜਾਣਕਾਰੀ ਦਿੱਤੀ, ਜਿਸ ਦਾ ਸੰਗਤਾਂ ਤੇ ਬਹੁਤ ਚੰਗਾ ਪਿਆ। ਇਸ ਸਮਾਗਮ ਦੀ ਸਾਰੀ ਕਾਰਵਾਈ ਸ਼ਲਾਘਾਯੋਗ ਸੀ। ਫ੍ਰੀ ਲਿਟਰੇਚਰ, ਪੁਰਾਣੇ 'ਸਿੱਖ-ਫੁਲਵਾੜੀ' ਮੈਗਜ਼ੀਨ, ਸਿੱਖ ਰਹਿਤ ਮਰਯਾਦਾ, ਸੰਗਤਾਂ ਵਿਚ ਮੁਫ਼ਤ ਵੰਡੇ ਗਏ। ਧਾਰਮਿਕ ਪੁਸਤਕਾਂ ਦੇ ਸਟਾਲ ਤੋਂ ਸੰਗਤਾਂ ਨੇ ਭਾਰੀ ਗਿਣਤੀ ਵਿਚ ਪੁਸਤਕਾਂ ਪ੍ਰਾਪਤ ਕੀਤੀਆਂ।

ਇਸ ਸਮਾਗਮ ਦੀਆਂ ਦੋ ਅਹਿਮ ਪ੍ਰਾਪਤੀਆਂ ਸਰਕਲ ਨੌਸ਼ਹਿਰਾ ਨੂੰ ਹੋਈਆਂ। ਪਹਿਲੀ ਵਾਰ ਹੈ ਕਿ ਇਸ ਇਲਾਕੇ ਦੀਆਂ ਸੰਗਤਾਂ ਵਿਚੋਂ ੩੮੮ ਪ੍ਰਾਣੀ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਅੰਮ੍ਰਿਤ ਸੰਚਾਰ ਸਮਾਗਮ ਵਿਚ ਜੰਮੂ ਸਰਕਲ ਦੇ ਪੰਜ ਪਿਆਰਿਆਂ ਨੇ ਹਿੱਸਾ ਲਿਆ।

ਸੰਗਤਾਂ ਨੂੰ ਗੁਰੂ ਗਰੰਥ ਜੀ ਤੇ ਪੰਥ ਨਾਲ ਜੋੜਨ ਲਈ ਗਰੰਥੀ ਤੇ ਰਾਗੀ ਸਿੰਘਾਂ ਦੀ ਜਥੇਬੰਦੀ ਵਲੋਂ ਕਾਫੀ ਸਮੇਂ ਤੋਂ ਇਸ ਇਲਾਕੇ ਵਿਚ ਧਰਮ ਪ੍ਰਚਾਰ ਦੀ ਸੇਵਾ ਨਿਭਾਈ ਜਾ ਰਹੀ ਸੀ, ਜਿਸ ਦੇ ੧੧੫ ਮੈਂਬਰ ਹਨ। ਇਸ ਸਭਾ ਦੇ ਪ੍ਰਧਾਨ ਭਾਈ ਅਜੀਤ ਸਿੰਘ ਜੀ ਨੇ ਆਪਣੇ ਭਾਸ਼ਨ ਸਮੇਂ, ਸਾਰੀ ਸਭਾ ਨੂੰ ਨੌਸ਼ਹਿਰਾ ਸਰਕਲ ਨਾਲ ਜੋੜਨ ਦਾ ਐਲਾਨ ਕੀਤਾ। ਸੋ ਇਹ ਸੰਸਥਾ, ਸਰਕਲ ਨੌਸ਼ਹਿਰਾ ਨਾਲ ਰਲ ਕੇ ਕੰਮ ਕਰੇਗੀ ਅਤੇ ਗੁਰਮਤਿ ਪ੍ਰਚਾਰ ਲਹਿਰ ਨੂੰ ਮਿਸ਼ਨਰੀ ਭਾਵਨਾ ਨਾਲ ਅੱਗੇ ਤੋਰਿਆ ਜਾਵੇਗਾ।

ਮਿਸ਼ਨਰੀ ਵੀਰਾਂ ਦੀ ਧਾਰਮਿਕ ਪ੍ਰੀਖਿਆ ਵਿਚ ੮੨ ਵੀਰਾਂ ਨੇ ਪੇਪਰ ਦਿੱਤੇ, ਜਿਨ੍ਹਾਂ ਵਿਚੋਂ ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਹੇਠ ਲਿਖੇ ਵੀਰਾਂ ਨੇ ਕ੍ਰਮਵਾਰ ੭੨, ੭੧, ੬੮ ਅੰਕ ਪ੍ਰਾਪਤ ਕੀਤੇ। 1. ਸ੍. ਹਰਬੰਸ ਸਿੰਘ, ਜੰਮੂ ਸਰਕਲ। 2. ਸ੍. ਮਨਮੋਹਣ ਸਿੰਘ, ਪੁਣਛ ਸਰਕਲ। 3. ਸ੍. ਜਗਜੀਤ ਸਿੰਘ, ਨੌਸ਼ਹਿਰਾ ਸਰਕਲ ਤੇ ਸ੍. ਨਰਿੰਦਰ ਸਿੰਘ, ਜੰਮੂ ਸਰਕਲ।

ਇਸੇ ਤਰ੍ਹਾਂ ਕਵੀ ਦਰਬਾਰ ਮੁਕਾਬਲੇ ਵਿਚੋਂ ਵੱਖੋ-ਵੱਖਰੇ ਸਰਕਲਾਂ ਦੇ ਦੱਸ ਬੱਚਿਆਂ ਨੇ ਹਿੱਸਾ ਲਿਆ। ਕਵੀ ਦਰਬਾਰ ਵਿਚ ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਕ੍ਰਮਵਾਰ 24/30, 20/30, 18/30 ਅੰਕ ਪ੍ਰਾਪਤ ਕੀਤੇ ਗਏ।

ਪਹਿਲਾ ਸਥਾਨ—ਸ੍. ਮਨਪ੍ਰੀਤ ਸਿੰਘ, ਪੁਣਛ ਸਰਕਲ।

ਦੂਜਾ ਸਥਾਨ—ਬੀਬੀ ਦਵਿੰਦਰ ਕੌਰ, ਨੌਸ਼ਹਿਰਾ ਸਰਕਲ।

ਤੀਜਾ ਸਥਾਨ—ਸ੍. ਗੁਰਪ੍ਰੀਤ ਸਿੰਘ, ਜੰਮੂ ਸਰਕਲ।

ਇਹ ਸਮਾਗਮ ਮਿਤੀ 23.8.97 ਸ਼ਾਮ ਤੋਂ ਸੋ ਦਰੁ ਦੇ ਪਾਠ ਨਾਲ ਆਰੰਭ ਹੋਇਆ ਅਤੇ 9.00 ਵਜੇ ਤੱਕ ਚੱਲਦਾ ਰਿਹਾ। ਕੀਰਤਨ (ਵਿਸ਼ਾ-ਸਤਿ ਸੰਗਤ), ਸ਼ਬਦ ਵੀਚਾਰ (ਵਿਸ਼ਾ ਜੀਵਨ ਮਨੋਰਥ) ਅਤੇ ਲੈਕਚਰ (ਵਿਸ਼ਾ—ਦਸ ਗੁਰੂ ਸਾਹਿਬਾਨ ਵਲੋਂ ਸਿੱਖੀ ਪ੍ਰਚਾਰ) ਦੀ ਸੇਵਾ ਵਿਚ ਨੌਸ਼ਹਿਰਾ ਤੇ ਜੰਮੂ ਸਰਕਲ ਦੇ ਵੀਰਾਂ ਨੇ ਹਿੱਸਾ ਲਿਆ।

ਦੂਜੇ ਦਿਨ ਪੁਣਛ ਸਰਕਲ ਦੇ ਵੀਰਾਂ ਨੇ ਅੰਮ੍ਰਿਤ ਵੇਲੇ ਤੋਂ ਨਾਮ ਸਿਮਰਨ, ਨਿਤਨੇਮ ਤੇ ਆਸਾ ਕੀ ਵਾਰ ਦਾ ਕੀਰਤਨ ਕੀਤਾ। ਇਸ ਸੈਸ਼ਨ ਵਿਚ ਸ਼ਬਦ ਦੀ ਵੀਚਾਰ (ਵਿਸ਼ਾ-ਸਿਮਰਨ ਦੀਆਂ ਬਰਕਤਾਂ), ਲੈਕਚਰ-ਖ਼ਾਲਸੇ ਦਾ ਨਿਆਰਾਪਨ ਅਤੇ ਦਸ ਗੁਰੂ ਇਕ ਜੋਤ, ਵਿਸ਼ਿਆਂ ਤੇ ਜੰਮੂ ਸਰਕਲ ਦੇ ਵੀਰਾਂ ਨੇ ਭਰਪੂਰ ਚਾਨਣਾ ਪਾਇਆ।

ਮਿਤੀ 24.8.97 ਦੇ ਦੂਸਰੇ ਸੈਸ਼ਨ ਸਮੇਂ, **'ਬਿਖੇ ਰਸ ਤੇ ਨਾਮ ਰਸ'** ਵਿਸ਼ੇ ਤੇ ਕੀਰਤਨ ਅਤੇ ਸ਼ਬਦ ਵੀਚਾਰ ਦੀ ਸੇਵਾ ਜੰਮੂ ਸਰਕਲ ਵਲੋਂ ਨਿਭਾਈ ਗਈ। ਪੁਣਛ ਸਰਕਲ ਦੇ ਵੀਰਾਂ ਨੇ 'ਨਸ਼ੇ ਮਨੁੱਖਤਾ ਲਈ ਘਾਤਕ, ਅੰਮ੍ਰਿਤ ਛਕਣਾ ਕਿਉਂ ਜ਼ਰੂਰੀ', ਬਾਰੇ ਵਿਸ਼ੇ ਨਿਭਾਏ।

ਉਪਰੰਤ ਧਾਰਮਿਕ ਪ੍ਰੀਖਿਆ ਕਰਵਾਈ ਗਈ। ਲੰਗਰ ਸਮਾਪਤੀ ਸਮੇਂ ਹੀ ਅੰਮ੍ਰਿਤ ਸੰਚਾਰ ਪ੍ਰੋਗਰਾਮ ਸ਼ੁਰੂ ਹੋ ਗਿਆ। ਰਾਤ ਦੇ ਦੀਵਾਨ ਦੇ ਕੀਰਤਨ ਤੇ ਸ਼ਬਦ ਵੀਚਾਰ ਦੇ ਵਿਸ਼ੇਸ਼ਨ-ਗੁਰੂ ਦੀ ਲੋੜ ਤੇ ਸ਼ਬਦ ਗੁਰੂ ਕਿਵੇਂ ? 'ਮੀਰੀ ਪੀਰੀ' ਲੈਕਚਰ ਨਾਲ ਹੀ 'ਕਵੀਸ਼ਰੀ ਦਰਬਾਰ' ਆਰੰਭ ਹੋਇਆ। ਸੇਵਾ ਪੁਣਛ ਤੇ ਜੰਮੂ ਸਰਕਲ ਨੇ ਨਿਭਾਈ।

ਅਖ਼ੀਰਲੇ ਦਿਨ ਮਿਤੀ ੨੫.੮.੯੭ ਨੂੰ ਜੰਮੂ ਤੇ ਊਧਮਪੁਰ ਸਰਕਲਾਂ ਨੇ ਬਾਕੀ ਸਮਾਗਮ ਦੀ ਰਲ ਕੇ ਸੇਵਾ ਨਿਭਾਈ। ਅੰਮ੍ਰਿਤ ਵੇਲੇ ਨਾਮ ਸਿਮਰਨ, ਨਿਤਨੇਮ ਅਤੇ ਆਸਾ ਕੀ ਵਾਰ ਦੇ ਕੀਰਤਨ ਵਿਚ ਜੰਮੂ ਸਰਕਲ ਨੇ ਸੇਵਾ ਕੀਤੀ। ਕੀਰਤਨ ਦਾ **ਵਿਸ਼ਾ ਸੀ**—ਪ੍ਰਭੂ ਦੀ ਟੇਕ। ਦਸਵੰਧ, ਸਿੱਖ ਰਹਿਤ ਮਰਯਾਦਾ ਦੀ ਲੋੜ ਤੇ ਸਰੂਪ, ਸਿੱਖ ਧਰਮ ਤੇ ਸਦਾਚਾਰ, ਵਿਸ਼ਿਆ ਤੇ ਲੈਕਚਰ ਕੀਤੇ ਗਏ, ਪ੍ਰਭੂ ਪ੍ਰੀਤ ਸ਼ਬਦ ਵੀਚਾਰ ਦਾ ਵਿਸ਼ਾ ਸੀ।

ਸਮਾਗਮ ਦੀ ਸਮਾਪਤੀ ਸਮੇਂ ਰਾਗੀ ਸਭਾ ਦੇ ਪ੍ਰਧਾਨ ਭਾਈ ਅਜੀਤ ਸਿੰਘ ਜੀ ਨੇ ਧਾਰਮਿਕ ਪ੍ਰੀਖਿਆ ਵਿਚੋਂ ਅੱਵਲ ਆਏ ਵੀਰਾਂ ਨੂੰ ਇਨਾਮ ਤੇ ਪ੍ਰਮਾਣ ਪੱਤਰ ਵੰਡੇ। ਗੁਰਦੁਆਰਾ ਸਾਹਿਬ ਦੇ ਮੁੱਖ ਗਰੰਥੀ ਭਾਈ ਗੁਰਬਚਨ ਸਿੰਘ ਜੀ ਨੇ ਕਵੀ ਦਰਬਾਰ ਵਿਚੋਂ ਪਹਿਲੇ, ਦੂਜੇ, ਤੀਜੇ ਸਥਾਨ ਵਾਲੇ ਬੱਚਿਆਂ ਨੂੰ ਇਨਾਮ ਤੇ ਪ੍ਰਮਾਣ ਪੱਤਰ ਦਿੱਤੇ।

ਅੰਤ ਵਿਚ ਨੌਸ਼ਹਿਰਾ ਸਰਕਲ ਦੇ ਇੰਚਾਰਜ ਸ੍. ਰਘਬੀਰ ਸਿੰਘ ਨੇ ਪ੍ਰਬੰਧਕਾਂ, ਸਹਿਯੋਗੀ ਵੀਰਾਂ ਤੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਪਿਛਲੇ ਚਾਰ ਸਾਲਾਂ ਵਿਚ ਸਰਕਲ ਦੀਆਂ ਪ੍ਰਾਪਤੀਆਂ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਸਿੱਖ ਮਿਸ਼ਨਰੀ ਕਾਲਜ ਦੇ ਉਦੇਸ਼ ਤੇ ਕੰਮ ਕਰਨ ਦੀ ਵਿਧੀ ਤੇ ਰੌਸ਼ਨੀ ਪਾਈ। ਉਨ੍ਹਾਂ ਦੱਸਿਆ ਕਿ ਸਰਕਲ ਵਲੋਂ ੩੬੦ ਸਿੱਖ ਫੁਲਵਾੜੀ, ੩੦ ਦੋ-ਸਾਲਾ ਕੋਰਸ ਅਤੇ ੬੦ ਪੰਜਾਬੀ ਪੜ੍ਹਾਉਣ ਦੇ ਪਾਰਟ ਟਾਈਮ ਸਕੂਲ ਚਲਾਏ ਜਾ ਰਹੇ ਹਨ। ਸਾਲ ਵਿਚ ਤਿੰਨ ਵਾਰ ਬੱਚਿਆਂ ਦੀ ਧਾਰਮਿਕ ਪ੍ਰੀਖਿਆ ਅਤੇ ਦਸਤਾਰ ਮੁਕਾਬਲੇ ਕਰਵਾਏ ਜਾਂਦੇ ਹਨ। ਗੁਰਪੁਰਬ ਤੇ ਧਾਰਮਿਕ ਦੀਵਾਨਾਂ ਸਮੇਂ ਪੁਸਤਕਾਂ ਦੇ ਸਟਾਲ ਲਗਾਏ ਜਾਂਦੇ ਹਨ। 'ਸਮੁੱਚੀ ਕੌਮ ਅੰਮ੍ਰਿਤਧਾਰੀ' ਟੀਚੇ ਦੀ ਪ੍ਰਾਪਤੀ ਲਈ ਸੰਗਤਾਂ ਨੂੰ ਪ੍ਰੇਰਣ ਦੀ ਯੋਜਨਾ ਤਿਆਰ ਕੀਤੀ ਗਈ ਹੈ। ਅੰਤ ਵਿਚ ਸਰਬੱਤ ਦੇ ਭਲੇ ਅਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਸਮੁੱਚੇ ਪ੍ਰੋਗਰਾਮ ਦਾ ਸੰਗਤਾਂ ਉੱਤੇ ਡੂੰਘਾ ਪ੍ਰਭਾਵ ਪਿਆ।

◇◇◇

ਇਨਾਮੀ ਪ੍ਰਤੀਯੋਗਤਾ ਨਵੰਬਰ 1997 ਦੇ ਇਨਾਮ ਜੇਤੂ

ਪਹਿਲਾ ਇਨਾਮ—1. ਸੁਖਜੀਵਨ ਸਿੰਘ (ਮਾੜੀ ਬੁਚੀਆਂ) 24/-

2. ਜਤਿੰਦਰ ਸਿੰਘ (ਨਵਾਂ ਸ਼ਹਿਰ) 24/-

3. ਕਰਮਜੀਤ ਸਿੰਘ (ਦੂਲੋਵਾਲ, ਮਾਨਸਾ) 24/-

ਦੂਜਾ ਇਨਾਮ—1. ਰਜਵੰਤ ਸਿੰਘ (ਮਾੜੀ ਬੁਚੀਆਂ) 25/-

2. ਜਗਮਨਜੀਤ ਸਿੰਘ (ਚੇਤਨਪੁਰ, ਅਜਨਾਲਾ) 25/-

ਤੀਜਾ ਇਨਾਮ—1. ਹਰਮਨਪ੍ਰੀਤ ਸਿੰਘ (ਲੰਗਰ-ਾਲ, ਬਟਾਲਾ) 15/-

2. ਰਕੇਸ਼ ਪਾਲ (ਪਾਰੋਵਾਲ, ਗੁਰਦਾਸਪੁਰ) 15/-

ਨੋਟ — ਇਨਾਮ ਜੇਤੂ ਪ੍ਰਤੀਯੋਗਤਾ ਦੇ ਨਿਯਮ ਅਨੁਸਾਰ ਇਨਾਮ ਦੀ ਬਣਦੀ ਰਕਮ ਦੀਆਂ ਕਾਲਜ ਵਲੋਂ ਪ੍ਰਕਾਸ਼ਿਤ ਲੋੜੀਦੀਆਂ ਪੁਸਤਕਾਂ ਲਈ ਸ੍. ਹਰਭਜਨ ਸਿੰਘ, ਸੰਤ ਨਗਰ, ਦੇਵੀ ਤਲਾਬ, ਕਪੂਰਥਲਾ—144601 ਦੇ ਪਤੇ ਤੇ 20 ਜਨਵਰੀ, 98 ਤੱਕ ਲਿਖਣ ਦੀ ਕ੍ਰਿਪਾਲਤਾ ਕਰਨ।

ਧੰਨਵਾਦ

ਸਿੱਖ ਮਿਸ਼ਨਰੀ ਕਾਲਜ (ਰਜਿ:) ਵਲੋਂ ੩੦.੧੧.੧੯੯੭ ਨੂੰ ਦੇਸ਼ ਭਰ ਦੇ ਸਕੂਲਾਂ ਵਿਚ ਧਾਰਮਿਕ ਪ੍ਰੀਖਿਆ ਲਈ ਗਈ। ਇਸ ਪ੍ਰੀਖਿਆ ਵਿਚ ਕਰੀਬ ੩੧੦੦੦ ਵਿਦਿਆਰਥੀਆਂ ਨੇ ਹਿੱਸਾ ਲਿਆ। ੬੦੦ ਦੇ ਕਰੀਬ ਪ੍ਰੀਖਿਆ ਕੇਂਦਰ ਬਣਾਏ ਗਏ ਜਿਥੇ ਵੱਖ-ਵੱਖ ਵੀਰਾਂ/ਭੈਣਾਂ ਨੇ ਆਪਣੇ ਫ਼ਰਜ਼ ਨੂੰ ਸਮਝਦਿਆਂ ਹੋਇਆਂ ਆਪਣੀਆਂ ਸੇਵਾਵਾਂ ਅਰਪਿਤ ਕੀਤੀਆਂ। ਅਦਾਰਾ ਸਿੱਖ ਮਿਸ਼ਨਰੀ ਕਾਲਜ ਵਲੋਂ ਪ੍ਰੀਖਿਆ ਦੌਰਾਨ ਸਹਿਯੋਗ ਲਈ ਸਾਰੇ ਮਿਸ਼ਨਰੀ ਵੀਰਾਂ/ਭੈਣਾਂ ਤੇ ਸਮੂਹ ਸਕੂਲਾਂ/ਕਾਲਜਾਂ ਦੀਆਂ ਪ੍ਰਬੰਧਕ ਕਮੇਟੀਆਂ, ਪ੍ਰਿੰਸੀਪਲ ਤੇ ਸਟਾਫ ਦਾ ਧੰਨਵਾਦ ਕੀਤਾ ਜਾਂਦਾ ਹੈ।

ਗੁਰਸਿਖ ਬੱਚਿਆਂ ਦੀ ਵਾਰਤਾਲਾਪ

ਆਇ ਮਿਲੁ ਗੁਰ ਸਿਖ ਆਇ ਮਿਲੁ।

ਇਕ ਲੜਕਾ ਸ਼ਬਦ ਗਾ ਰਿਹਾ ਹੈ :

ਆਇ ਮਿਲੁ ਗੁਰ ਸਿਖ ਆਇ ਮਿਲੁ ॥

ਦੂਜਾ ਲੜਕਾ ਆਂਦਾ ਹੈ ਤੇ ਦੋਵੇਂ ਫਤਹਿ ਸਾਂਝੀ ਕਰਦੇ ਹਨ।

'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ'

ਦੂਜਾ—ਜਨਮ ਦਿਨ ਮੁਬਾਰਕ ਹੋਵੇ, ਪਰ ਸੁਰਜੀਤ ਸਿੰਘ ਨਜ਼ਰ ਨਹੀਂ ਆ ਰਿਹਾ ?

ਪਹਿਲਾ—ਬਸ ਉਸਦੀ ਹੀ ਉਡੀਕ ਹੈ, ਤਾਂ ਹੀ ਤਾਂ ਮੂੰਹੋਂ ਇਹ ਸ਼ਬਦ ਆਪਣੇ ਆਪ ਨਿਕਲ ਰਿਹਾ ਹੈ "ਆਇ ਮਿਲ ਗੁਰਸਿਖ ਆਇ ਮਿਲ' ਫੇਰ ਗਾਂਦਾ ਹੈ।

ਦੂਜਾ—ਹਾਂ ਉਸਦੀ ਉਡੀਕ ਤਾਂ ਜ਼ਰੂਰੀ ਕਰਨੀ ਚਾਹੀਦੀ ਹੈ ਉਸਦੇ ਆਣ ਤੇ ਹੀ ਕੇਕ ਕੱਟੀਂ।

ਪਹਿਲਾ—ਕੇਕ! ਨਾ ਮੇਰੇ ਵੀਰਾ ਜਨਮ ਦਿਨ ਤੇ ਕੇਕ ਕਟਣਾ ਤਾਂ ਅਸੀਂ ਸਾਰੇ ਦੋਸਤ ਕਦੋਂ ਦਾ ਛੱਡ ਚੁੱਕੇ ਹਾਂ।

ਦੂਜਾ— ਫੇਰ ਜਨਮ ਦਿਨ ਕਿਵੇਂ ਮਨਾਂਦੇ ਹੋ ?

ਪਹਿਲਾ—ਸਭ ਤੋਂ ਪਹਿਲਾਂ ਅਸੀਂ ਸਹਿਜ ਪਾਠ ਦਾ ਭੋਗ ਪਾਵਾਂਗੇ ਜੋ ਮੇਰੇ ਮਾਤਾ ਜੀ ਨੇ ਮੇਰੇ ਜਨਮ ਦਿਨ ਵਾਸਤੇ ਕੀਤਾ ਹੈ। ਫੇਰ ਸਾਰੇ ਦੋਸਤ ਰਲ ਕੇ ਕੀਰਤਨ ਕਰਾਂਗੇ, ਕਿਸੀ ਸ਼ਬਦ ਦੀ ਵੀਚਾਰ ਕਰਾਂਗੇ ਤੇ ਕੋਈ ਗੁਰ ਇਤਿਹਾਸ ਦੀ ਗਲ ਕਰਾਂਗੇ। ਫੇਰ ਅਰਦਾਸਾ ਸੋਧ ਕੇ ਦੇਗ ਵਰਤਾ ਕੇ, ਲੰਗਰ ਛਕਾਂਗੇ ਖੂਬ। ਖਾਣਾ-ਪੀਣਾ ਵੀ ਤੇ ਹੱਸਣਾ ਖੇਡਣਾ ਵੀ, ਗੇਮਜ਼ ਵਗੈਰਾ ਖੇਡਾਂਗੇ, ਅਨੰਦ ਮਾਣਾਂਗੇ।

ਦੂਜਾ—ਵਾਹ ਬਈ ਵਾਹ, ਪਰ ਮੈਨੂੰ ਪਹਿਲਾਂ ਨਹੀਂ ਸੀ ਪਤਾ ਕਿਉਂਕਿ ਮੈਨੂੰ ਤਾਂ ਇੱਥੇ ਆਏ ਨੂੰ ਇਕ ਮਹੀਨਾ ਹੀ ਹੋਇਆ ਹੈ ਪਰ ਮੈਂ ਇੱਥੇ ਆ ਕੇ ਬੜਾ ਖੁਸ਼ ਹਾਂ ਤੇ ਹੈਰਾਨ ਵੀ ਹੁੰਦਾ ਹਾਂ ਕਿ ਤੁਸੀਂ ਸਾਰੇ ਇੰਨੇ ਚੰਗੇ ਕਿਵੇਂ ਹੋ ?

ਪਹਿਲਾ—ਸਭ ਸੁਰਜੀਤ ਸਿੰਘ ਦੇ ਕਾਰਨ, ਉਸਨੇ ਤਾਂ ਸਾਡੇ ਸਾਰਿਆਂ ਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ ਹੈ। ਸਾਡੇ ਧੰਨ ਭਾਗ ਜੋ ਸੱਚੇ ਪਾਤਸ਼ਾਹ ਨੇ ਸਾਡਾ ਸੁਰਜੀਤ ਸਿੰਘ ਵਰਗੇ ਗੁਰਸਿੱਖ ਨਾਲ ਮੇਲ ਕਰਵਾਇਆ ਹੈ।

ਦੂਜਾ—ਸਚਮੁਚ ਉਸਨੂੰ ਦੇਖ-ਦੇਖ ਕੇ ਤਾਂ ਮੈਂ ਵੀ ਬੜਾ ਹੈਰਾਨ ਹੁੰਦਾ ਰਹਿੰਦਾ ਹਾਂ।

ਪਹਿਲਾ—ਵਾਹਿਗੁਰੂ ਜੀ ਦੀ ਬੜੀ ਬਖਸ਼ਿਸ਼ ਹੈ ਉਸਤੇ, ਸੁਰਜੀਤ ਸਿੰਘ ਅੰਮ੍ਰਿਤਧਾਰੀ ਹੈ। ਅੰਮ੍ਰਿਤ ਵੇਲੇ ਸਵੇਰੇ ਚਾਰ ਵਜੇ ਉੱਠ ਪੈਂਦਾ ਹੈ, ਸਿਮਰਨ ਕਰਦਾ ਹੈ, ਇਸ਼ਨਾਨ ਕਰਦਾ ਹੈ, ਨਿਤਨੇਮ ਕਰਦਾ ਹੈ, ਸਵੇਰੇ ਸਵੇਰੇ ਪੜ੍ਹਦਾ ਵੀ ਹੈ ਤੇ ਮਾਤਾ ਜੀ ਦੀ ਰਸੋਈ ਵਿਚ ਮਦਦ ਵੀ ਕਰਦਾ ਹੈ। ਉਸਦੇ ਮਾਤਾ-ਪਿਤਾ ਦੋਵੇਂ ਨੌਕਰੀ ਕਰਦੇ ਹਨ। ਫੇਰ ਗੁਰਦੁਆਰੇ ਮੱਥਾ ਟੇਕ ਕੇ ਕੀਰਤਨ ਸੁਣ ਕੇ ਹੀ ਸਕੂਲ ਜਾਂਦਾ ਹੈ।

ਦੂਜਾ—ਉਸ ਵਿਚ ਤਾਂ ਗੁਣ ਹੀ ਬੜੇ ਹਨ।

ਪਹਿਲਾ—ਹਾਂ, ਗੁਰਸਿੱਖਾਂ ਵਾਲਾ ਕੋਈ ਗੁਣ ਐਸਾ ਨਹੀਂ ਜਿਹੜਾ ਉਸ ਵਿਚ ਨਾ ਹੋਵੇ। ਬਹਾਦਰ ਹੈ, ਨਿੱਡਰ ਹੈ ਤੇ ਨਿਮਰਤਾ ਤੇ ਹਲੀਮੀ ਵੀ ਉਸ ਵਿਚ ਬਹੁਤ ਹੈ, ਮਿੱਠਾ ਬੋਲਦਾ ਹੈ, ਸਭ ਨੂੰ ਪਿਆਰ ਕਰਦਾ ਹੈ ਤੇ ਸਭ ਦੇ ਕੰਮ ਸਵਾਰ ਦੇਂਦਾ ਹੈ। ਪੜ੍ਹਾਈ ਵਿਚ ਵੀ ਹੁਸ਼ਿਆਰ ਹੈ ਤੇ ਖੇਡਾਂ ਵਿਚ ਵੀ ਅੱਗੇ, ਇਹ ਸਭ ਅੰਮ੍ਰਿਤ ਵੇਲੇ ਜਾਗਣ ਦੀਆਂ ਬਰਕਤਾਂ ਹਨ।

ਦੂਜਾ—ਦੋਸਤ! ਮੇਰੀ ਤਾਂ ਸਵੇਰੇ ਨੀਂਦ ਹੀ ਨਹੀਂ ਖੁਲ੍ਹਦੀ ਮਸਾਂ ਸੱਤ ਵਜੇ ਉੱਠਦਾ ਹਾਂ।

ਪਹਿਲਾ—ਮੇਰੇ ਪਿਆਰੇ ਵੀਰ, ਪਹਿਲਾਂ ਅਸੀਂ ਸਾਰੇ ਵੀ ਤੇਰੇ ਵਰਗੇ ਹੀ ਹੁੰਦੇ ਸਾਂ। ਬਸ ਸੁਰਜੀਤ ਸਿੰਘ ਨੇ ਸਾਨੂੰ ਅੰਮ੍ਰਿਤ ਵੇਲੇ ਜਾਗਣ ਦੀ ਐਸੀ ਹੱਲਾਸ਼ੇਰੀ ਦਿੱਤੀ ਕਿ ਹੁਣ ਅਸੀਂ ਸਾਰੇ ਸਵੇਰੇ ਪੰਜ ਵਜੇ ਤੱਕ ਉੱਠ ਪੈਂਦੇ ਹਾਂ। ਇਸ਼ਨਾਨ ਕਰਕੇ, ਨਿਤਨੇਮ ਕਰਕੇ ਤੇ ਗੁਰਦੁਆਰੇ ਮੱਥਾ ਟੇਕ ਕੇ ਹੀ ਸਕੂਲ ਜਾਂਦੇ ਹਾਂ ਤੇ ਆਣ ਵਾਲੇ ਸਾਲ ਦੋ ਸਾਲ ਵਿੱਚ ਅਸੀਂ ਵੀ ਅੰਮ੍ਰਿਤ ਵੇਲੇ ਚਾਰ ਵਜੇ ਉੱਠਣ ਦੇ ਅਭਿਆਸੀ ਹੋ ਜਾਵਾਂਗੇ।

ਦੂਜਾ—ਪਰ ਉਹ ਕਿਵੇਂ ?

ਪਹਿਲਾ—ਬਸ ਥੋੜ੍ਹਾ ਜਿਹਾ ਉੱਦਮ ਕਰੋ, ਵਾਹਿਗੁਰੂ ਅੱਗੇ ਅਰਦਾਸ ਕਰੋ, ਅੱਗੋਂ ਵਾਹਿਗੁਰੂ ਜੀ ਆਪੇ ਮਿਹਰ ਕਰਨਗੇ। ਅੰਮ੍ਰਿਤ ਵੇਲੇ ਉੱਠਣ ਦੇ ਤਾਂ ਫਾਇਦੇ ਹੀ ਬੜੇ ਹਨ। ਸ਼ਰੀਰ ਤੇ ਦਿਮਾਗ ਚੁਸਤ ਰਹਿੰਦਾ ਹੈ, ਸਿਹਤ ਦਿਨੋ-ਦਿਨ ਚੰਗੀ ਹੋਣ ਲੱਗਦੀ ਹੈ ਤੇ ਚੰਗੀ ਸਿਹਤ ਹੋਣ ਨਾਲ ਬਹਾਦਰੀ ਤੇ ਨਿਡਰਤਾ ਵਰਗੇ ਗੁਣ ਆਪਣੇ-ਆਪ ਆਉਣ ਲੱਗਦੇ ਨੇ।

ਦੂਜਾ—ਫੇਰ ਤਾਂ ਕਲ੍ਹ ਤੋਂ ਮੈਂ ਵੀ ਜਲਦੀ ਉੱਠਣ ਦੀ ਕੋਸ਼ਿਸ਼ ਕਰਾਂਗਾ। ਪਰ ਦੋਸਤ! ਇਕ ਗੱਲ ਦਸਾਂ, ਮੈਨੂੰ ਪਾਠ ਕਰਨਾ ਚੰਗਾ ਨਹੀਂ ਲੱਗਦਾ। ਨਾਲੇ ਰੋਜ਼-ਰੋਜ਼ ਉਹੀ ਪਾਠ ਕਰਨ ਦਾ ਫਾਇਦਾ ਵੀ ਕੀ ਹੈ?

ਪਹਿਲਾ—ਕਹਿਣ ਨੂੰ ਤਾਂ ਕਈ ਇਸ ਤਰ੍ਹਾਂ ਕਹਿ ਦੇਂਦੇ ਨੇ ਮੇਰੇ ਵੀਰ, ਅਸੀਂ ਵੀ ਇਸ ਤਰ੍ਹਾਂ ਹੀ ਕਹਿੰਦੇ ਹੁੰਦੇ ਸੀ ਪਰ ਸੁਰਜੀਤ ਸਿੰਘ ਨੇ ਸਾਨੂੰ ਦੱਸਿਆ ਕਿ ਜਦੋਂ ਅਸੀਂ ਰੋਜ਼ ਪਾਠ ਕਰਨ ਲੱਗਦੇ ਹਾਂ ਤਾਂ ਸਾਨੂੰ ਗੁਰਬਾਣੀ ਦੀ ਸੋਝੀ ਪੈਣ ਲੱਗਦੀ ਹੈ; ਗੁਰਬਾਣੀ ਨਾਲ ਪਿਆਰ ਪੈ ਜਾਂਦਾ ਹੈ, ਜੀਵਨ ਗੁਰਬਾਣੀ ਅਨੁਸਾਰ ਚੱਲਣ ਲੱਗਦਾ ਹੈ ਤੇ ਇਨਸਾਨ ਵਿਚ ਅਨੇਕਾਂ ਹੀ ਗੁਣ ਆਣ ਲੱਗਦੇ ਹਨ।

ਦੂਜਾ—ਅੱਛਾ! ਮੈਨੂੰ ਤਾਂ ਇਨ੍ਹਾਂ ਗੱਲਾਂ ਦਾ ਪਤਾ ਹੀ ਨਹੀਂ ਸੀ, ਕਲ੍ਹ ਤੋਂ ਮੈਂ ਵੀ ਰੋਜ਼ ਪਾਠ ਕਰਿਆ ਕਰਾਂਗਾ।

ਪਹਿਲਾ—ਵਾਹ ਮੇਰੇ ਵੀਰ, ਸਾਡੇ ਵੱਲ ਵੇਖ, ਸਾਡੇ ਵਿਚੋਂ ਕੁਝ ਮਿੱਤਰ ਤਾਂ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਵੀ ਚੁੱਕੇ ਹਨ ਮੈਂ ਤੇ ਮੇਰੇ ਕੁਝ ਸਾਥੀ ਕਲ ਹੀ **ਅੰਮ੍ਰਿਤ ਛੱਕ** ਕੇ ਗੁਰੂ ਵਾਲੇ ਬਣਾਂਗੇ। ਕਲ ਇੱਥੇ ਗੁਰਦੁਆਰਾ ਸਹਿਬ ਵਿਖੇ ਦਿਨੇ ਦੋ ਵਜੇ ਅੰਮ੍ਰਿਤ ਸੰਚਾਰ ਹੋ ਰਿਹਾ ਹੈ।

ਦੂਜਾ—ਵਾਹ, ਵਾਹ! ਸੁਰਜੀਤ ਸਿੰਘ ਵਰਗੇ ਗੁਰਸਿੱਖਾਂ ਤੇ ਤਾਂ ਗੁਰੂ ਜੀ ਵੀ ਨਾਜ਼ ਕਰਦੇ ਹੋਣਗੇ।

ਪਹਿਲਾ—ਬਿਲਕੁਲ! **ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਜੋ ਆਪਿ ਜਪੈ, ਅਵਰਹ ਨਾਮੁ ਜਪਾਵੈ॥**

ਦੂਜਾ—ਸੁਰਜੀਤ ਸਿੰਘ ਦੀਆਂ ਗੱਲਾਂ ਸੁਣ ਸੁਣ ਕੇ ਤਾਂ ਮਨ ਹੀ ਨਹੀਂ ਰੱਜਦਾ, ਕੋਈ ਖਾਸ ਜਿਹੀ ਗੱਲ ਸੁਣਾ।

ਪਹਿਲਾ—ਕਿਹੜੀ-ਕਿਹੜੀ ਗੱਲ ਦੱਸਾਂ ਵੀਰ ਮੇਰਿਆ, ਉਸਦੀਆਂ ਤਾਂ ਸਾਰੀਆਂ ਗੱਲਾਂ ਹੀ ਖ਼ਾਸ ਨੇ। ਲੈ ਮੈਂ ਤੈਨੂੰ ਆਪਣੇ ਹੀ ਘਰ ਦੀ ਗੱਲ ਸੁਣਾਵਾਂ। ਮੇਰੇ ਮਾਤਾ ਜੀ ਹਰ ਮਹੀਨੇ ਪੂਰਨਮਾਸ਼ੀ ਦਾ ਵਰਤ ਰੱਖਦੇ ਹੁੰਦੇ ਸੀ ਤੇ ਮੇਰੇ ਪਿਤਾ ਜੀ ਵੀ ਪੂਰੀ ਤਰ੍ਹਾਂ ਕਰਮ ਕਾਂਡਾਂ ਵਿੱਚ ਵਿਸ਼ਵਾਸ ਰੱਖਦੇ ਸਨ। ਹਰ ਵੀਰਵਾਰ ਪੀਰ ਟੇਢੇ ਸ਼ਾਹ ਦੀ ਮਜ਼ਾਰ ਤੇ ਦੀਵਾ ਜ਼ਰੂਰ ਬਾਲਦੇ ਸਨ, ਹਰ ਸ਼ਨਿਚਰਵਾਰ ਵਾਰ ਗੁਰਦੁਆਰੇ ਕਾਲੇ ਛੋਲਿਆਂ ਦਾ ਪ੍ਰਸ਼ਾਦ ਚੜ੍ਹਾਂਦੇ ਸਨ। ਹਰ ਗੱਲ ਵਿਚ ਅੱਛੇ ਮਾੜੇ ਦਿਨਾਂ ਦੀ ਵੀਚਾਰ ਜ਼ਰੂਰ ਕਰਨੀ ਤੇ ਸ਼ਗਨਾ-ਅਪਸ਼ਗਨਾਂ ਦਾ ਪੂਰਾ-ਪੂਰਾ ਖਿਆਲ ਰੱਖਣਾ। ਇਸਤੋਂ ਇਲਾਵਾ ਮੇਰੇ ਮਾਤਾ ਪਿਤਾ ਜਿੱਥੋਂ ਕਿਧਰੇ ਵੀ ਲੰਘਦੇ ਰਸਤੇ ਵਿੱਚ ਕੋਈ ਵੀ ਮੜ੍ਹੀ ਹੋਵੇ, ਮਸੀਤ ਹੋਵੇ, ਮੰਦਰ ਹੋਵੇ, ਮੱਥਾ ਜ਼ਰੂਰ ਟੇਕਦੇ ਸਨ, ਜਗ੍ਹਾ ਜਗ੍ਹਾ ਸੁਖਾਂ ਸੁਖਣੀਆਂ ਤੇ ਮੰਨਤਾ ਮੰਨਣੀਆਂ। ਉਨ੍ਹਾਂ ਦਾ ਕਹਿਣਾ ਸੀ ਕਿ ਸਾਰੇ ਹੀ ਰੱਬ ਦੇ ਘਰ ਹਨ, ਸਭ ਨੂੰ ਮੰਨਣਾ ਚਾਹੀਦਾ ਹੈ, ਪਰ ਸੁਰਜੀਤ ਸਿੰਘ ਨੇ ਮੈਨੂੰ ਦੱਸਿਆ ਕਿ ਗੁਰਮਤਿ ਅਨੁਸਾਰ ਤਾਂ ਗੁਰੂ ਅਸਥਾਨ ਤੋਂ ਬਿਨਾਂ ਕਿਸੀ ਅਨ ਧਰਮ ਦੇ ਤੀਰਥ ਅਸਥਾਨ ਨੂੰ ਆਪਣਾ ਅਸਥਾਨ ਨਹੀਂ ਮੰਨਦਾ ਚਾਹੀਦਾ। ਇਕਾਦਸ਼ੀ, ਪੂਰਨਮਾਸ਼ੀ ਜਾਂ ਕਿਸੀ ਵੀ ਪ੍ਰਕਾਰ ਦੇ ਵਰਤ ਰੱਖਣੇ ਗੁਰਮਤਿ ਸਿਧਾਂਤਾਂ ਦੇ ਵਿਰੁੱਧ ਹਨ। ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਤੇ ਪੀਰ ਬ੍ਰਾਹਮਣ, ਸੁੱਖਣਾ ਪੁੱਛਣਾ ਆਦਿ ਦੀ ਵੀ ਗੁਰਸਿੱਖਾਂ ਨੂੰ ਸਖ਼ਤ ਮਨਾਹੀ ਹੈ। ਇਹ ਸਭ ਸਾਡੀ ਰਹਿਤ-ਮਰਯਾਦਾ ਵਿੱਚ ਸਾਫ਼-ਸਾਫ਼ ਲਿਖਿਆ ਹੈ।

ਦੂਜਾ—ਫੇਰ ਕੀ ਹੋਇਆ?

ਪਹਿਲਾ—ਫੇਰ ਕੀ, ਬਸ ਮੈਂ ਸਾਰੀਆਂ ਗੱਲਾਂ ਸਾਫ਼-ਸਾਫ਼ ਆਪਣੇ ਮਾਤਾ-ਪਿਤਾ ਨੂੰ ਦੱਸੀਆਂ ਤਾਂ ਉਹ ਬੜੇ ਹੈਰਾਨ ਵੀ ਹੋਏ ਤੇ ਖੁਸ਼ ਵੀ।

ਉਨ੍ਹਾਂ ਨੇ ਛੇਤੀ ਹੀ ਸੁਰਜੀਤ ਸਿੰਘ ਦੇ ਮਾਤਾ ਪਿਤਾ ਨੂੰ ਮਿਲਣ ਦਾ ਫੈਸਲਾ ਕੀਤਾ ਤੇ ਉਨ੍ਹਾਂ ਨਾਲ ਮਿਲ ਕੇ ਗੁਰਮਤਿ ਬਾਰੇ ਖੁਲ੍ਹ ਕੇ ਵੀਚਾਰ ਚਰਚਾ ਕੀਤੀ। ਗੱਲ ਅਸਲ ਵਿਚ ਇਹ ਹੈ ਕਿ ਮੇਰੇ ਮਾਤਾ ਪਿਤਾ ਹਨ ਤਾਂ ਬੜੇ ਹੀ ਧਾਰਮਿਕ ਰੁਚੀਆਂ ਵਾਲੇ ਪਰ ਗੁਰਮਤਿ ਦੀ ਅਸਲੀ ਸੋਝੀ ਨਾ ਹੋਣ ਕਾਰਨ ਪੁੱਠੇ ਪਾਸੇ ਲੱਗੇ ਹੋਏ ਸਨ।

ਦੂਜਾ—ਅੱਛਾ! ਫੇਰ ਕੀ ਹੋਇਆ?

ਪਹਿਲਾ—ਸੁਰਜੀਤ ਸਿੰਘ ਦੇ ਮਾਤਾ ਪਿਤਾ ਨੇ ਸਾਨੂੰ ਪੰਥ ਪ੍ਰਵਾਨਿਤ ਰਹਿਤ-ਮਰਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਾਪੀ ਹੋਈ ਦਿੱਤੀ ਤੇ ਨਾਲ ਹੀ ਕਾਫ਼ੀ ਸਾਰਾ ਖੋਜ ਭਰਪੂਰ ਪ੍ਰਮਾਣਿਕ ਸਾਹਿਤ ਵੀ ਦਿੱਤਾ। ਤੇ ਮੇਰੇ ਮਾਤਾ ਪਿਤਾ ਨੂੰ ਉਨ੍ਹਾਂ ਨੇ ਅੰਮ੍ਰਿਤ ਛੱਕਣ ਦੀ ਪ੍ਰੇਰਨਾ ਵੀ ਦਿੱਤੀ। ਹੁਣ ਮੇਰੇ ਮਾਤਾ ਪਿਤਾ ਅੰਮ੍ਰਿਤਧਾਰੀ ਹਨ। ਹਰ ਪ੍ਰਕਾਰ ਦੇ ਵਹਿਮਾਂ-ਭਰਮਾਂ ਤੇ ਕਰਮਕਾਂਡਾਂ ਦਾ ਤਿਆਗ ਕਰ ਚੁੱਕੇ ਹਨ। ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੀ ਨਿਸ਼ਚਾ ਰੱਖਦੇ ਹਨ ਤੇ ਹੋਰ ਕਿਸੀ ਨੂੰ ਨਹੀਂ ਮੰਨਦੇ।

ਦੂਜਾ—ਇਹ ਤਾਂ ਸੱਚਮੁੱਚ ਹੀ ਬੜੀ ਚੰਗੀ ਗੱਲ ਹੈ ਪਰ ਮੇਰੇ ਮਾਤਾ ਪਿਤਾ ਵੀ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਨੂੰ ਮੰਨਦੇ ਹਨ, ਜੋ ਕਿ ਤੇਰੀਆਂ ਗੱਲਾਂ ਸੁਣਨ ਤੋਂ ਬਾਅਦ ਮੈਨੂੰ ਲੱਗ ਰਿਹਾ ਹੈ ਇਹ ਸਭ ਮਨਮਤ ਹੈ ਤੇ ਇਹ ਅਨਮਤੀਆਂ ਵਾਲੀਆਂ ਗੱਲਾਂ ਗੁਰਸਿੱਖਾਂ ਨੂੰ ਸ਼ੋਭਾ ਨਹੀਂ ਦੇਂਦੀਆਂ। ਮੈਂ ਵੀ ਅੱਜ ਹੀ ਜਾ ਕੇ ਆਪਣੇ ਮਾਤਾ-ਪਿਤਾ ਨੂੰ ਸਮਝਾਵਾਂਗਾ ਤੇ ਸੁਰਜੀਤ ਸਿੰਘ ਦੇ ਮਾਤਾ-ਪਿਤਾ ਨੂੰ ਮਿਲਣ ਲਈ ਕਹਾਂਗਾ।

ਪਹਿਲਾ—ਇਹ ਹੋਈ ਨਾ ਅਸਲੀ ਗੱਲ, ਮੇਰੇ ਵੀਰ, ਲੈ ਜਿੱਥੇ ਮੈਂ ਤੈਨੂੰ ਇੰਨੀਆਂ ਗੱਲਾਂ ਦੱਸੀਆਂ ਹਨ, ਉੱਥੇ ਹੋਰ ਵੀ ਇਕ ਬੜੀ ਮਜ਼ੇਦਾਰ ਗੱਲ ਸੁਣਾਵਾਂ।

ਦੂਜਾ—ਫੇਰ ਸੁਣਾ?

ਪਹਿਲਾ—ਗੱਲ ਅਸਲ ਵਿਚ ਇਹ ਹੈ ਕਿ ਸਾਡਾ ਸਾਰਾ ਪਰਿਵਾਰ ਅਨੰਦਸਰ ਵਾਲੇ ਬਾਬਾ ਜੀ ਨੂੰ ਬੜਾ ਮੰਨਦਾ ਸੀ। ਮੇਰੇ ਮਾਤਾ-ਪਿਤਾ ਹਰ ਸਾਲ ਮੇਰੇ ਜਨਮ ਦਿਨ, ਤੇ ਅਖੰਡ ਪਾਠ ਰਖਵਾਂਦੇ ਹੁੰਦੇ ਸਨ ਤੇ ਬਾਬਾ ਜੀ ਨੂੰ ਉਚੇਚੇ ਤੌਰ 'ਤੇ ਬੁਲਾਂਦੇ ਸਨ; ਖੂਬ ਸੇਵਾ ਖਾਤਰ ਕਰਦੇ ਸਨ ਬਾਬਾ ਜੀ ਦੀ ਤੇ ਉਨ੍ਹਾਂ ਦੇ ਚੇਲਿਆਂ ਦੀ। ਇਕ ਪਾਸੇ ਵੱਡੇ ਕਮਰੇ ਵਿਚ ਅਖੰਡ ਪਾਠ ਰੱਖਿਆ ਹੋਣਾ, ਦੂਜੇ ਪਾਸੇ ਬਾਬਾ ਜੀ ਨੇ ਗਦੇਲਾ ਲਾ ਕੇ ਬਹਿ ਜਾਣਾ ਲੋਕਾਂ ਤੋਂ ਮੱਥੇ ਟਿਕਵਾਣੇ, ਥਾਪੜੇ, ਦੇਣੇ, ਝਾੜ ਫੂਕ ਕਰਨੀ, ਲੋਕਾਂ ਨੂੰ ਸੌਂਫ ਲਾਚੀਆਂ ਮਿਸ਼ਰੀ ਆਦਿ ਵਿਚ ਫੂਕਾਂ ਮਾਰ-ਮਾਰ ਕੇ ਪ੍ਰਸ਼ਾਦ ਬਣਾ ਕੇ ਦੇਣੇ, ਲੋਕਾਂ ਨੂੰ ਕਾਰਜ ਸਿਧੀ ਲਈ ਗੁਰਬਾਣੀ ਵਿਚੋਂ ਸ਼ਬਦ ਲਿਖ-ਲਿਖ ਕੇ ਦੇਣੇ। ਨੌਕਰੀ, ਕਾਰੋਬਾਰ ਜਾਂ ਪੁੱਤਰ ਪ੍ਰਾਪਤੀ ਲਈ ਮੰਨਤਾ ਮੰਨਣ ਲਈ

ਕਹਿਣਾ। ਲੋਕਾਂ ਨੂੰ ਕੰਨਾਂ ਵਿਚ ਨਾਮ ਦੇਣਾ, ਅਖੰਡ ਪਾਠ ਦੇ ਨਾਲ-ਨਾਲ ਜਪੁ ਜੀ ਸਾਹਿਬ ਦੇ ਪਾਠ ਵੀ ਧੂਬ ਧੂਫ ਦੀਵੇ ਆਦਿ, ਜਗਾ ਕੇ ਰੱਖਦੇ। ਇਸਤੋਂ ਇਲਾਵਾ ਇਕ ਕੋਰੇ ਘੜੇ ਵਿਚ ਪਾਣੀ ਭਰਵਾ ਕੇ, ਉੱਤੇ ਲਾਲ ਕੱਪੜਾ ਬੰਨ੍ਹ ਕੇ, ਉੱਤੇ ਨਾਰੀਅਲ ਰੱਖ ਕੇ, ਪਹਿਲੇ ਦਿਨ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਲ ਰੱਖ ਦੇਣਾ। ਤੀਜੇ ਦਿਨ ਅਖੰਡ ਪਾਠ ਦੇ ਭੋਗ ਸਮੇਂ ਦੀਵਿਆਂ ਵਾਲਾ ਥਾਲ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਰਤੀ ਉਤਾਰਨੀ, ਨਾਲ-ਨਾਲ ਬਾਬਾ ਜੀ ਦੇ ਚੇਲਿਆਂ ਨੇ ਘੰਟੀਆਂ ਵਜਾਣੀਆਂ, ਬਾਅਦ ਵਿਚ ਸੰਖ ਵਜਾਣਾ। ਗੱਲ ਕੀ, ਕੋਈ ਵੀ ਐਸੀ ਬਿਪਰਨ ਕੀ ਰੀਤ ਨਹੀਂ ਹੋਣੀ ਜਿਹੜੀ ਬਾਬਾ ਜੀ ਨਾ ਕਰਦੇ ਕਰਵਾਂਦੇ ਹੋਣ ਪਰ ਜਿਵੇਂ ਹੀ ਅਸੀਂ ਰਹਿਤ ਮਰਯਾਦਾ ਤੇ ਹੋਰ ਲਿਟਰੇਚਰ ਪੜ੍ਹਿਆ ਸਾਨੂੰ ਗਿਆਨ ਹੋ ਗਿਆ ਕਿ ਦਸਮ ਪਾਤਸ਼ਾਹ ਨੇ ਬੜਾ ਹੀ ਸਾਫ਼-ਸਾਫ਼ ਕਿਹਾ ਹੈ ਕਿ—

ਜਬ ਲਗ ਖਾਲਸਾ ਰਹੇ ਨਿਆਰਾ
ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਯੇ ਗਹੇ ਬਿਪਰਨ ਕੀ ਰੀਤ,
ਮੈ ਨਾ ਕਰੂੰ ਇਨ ਕੀ ਪ੍ਰਤੀਤ॥

ਤੇ ਰਹਿਤ ਮਰਯਾਦਾ ਵਿਚ ਵੀ ਸਾਫ਼-ਸਾਫ਼ ਲਿਖਿਆ ਹੈ ਕਿ ਅਖੰਡ ਪਾਠ ਜਾਂ ਕਿਸੀ ਹੋਰ ਪਾਠ ਵੇਲੇ ਕੁੰਭ ਜੋਤ ਨਾਰੀਅਲ ਆਦਿ ਰੱਖਣਾ ਤੇ ਵਿਚ ਕਿਸੀ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ ਤੇ ਇਸੀ ਤਰ੍ਹਾਂ ਧੂਪ ਦੀਵੇ ਜਗਾ ਕੇ ਆਰਤੀ ਉਤਾਰਨੀ, ਜੋਤਾਂ ਜਗਾਣੀਆਂ, ਟਲ ਖੜਕਾਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ। ਸਤਿਗੁਰੂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ ਆਸਣ ਚੋਕੀ ਜਾਂ ਮੰਜਾ ਆਦਿ ਲਾ ਕੇ ਜਾਂ ਕਿਸੀ ਹੋਰ ਵਿਤਕਰੇ ਨਾਲ ਬੈਠਣਾ ਮਨਮਤ ਹੈ। ਕਿਸੀ ਵੀ ਦੇਹਧਾਰੀ ਨੂੰ ਮੱਥਾ ਟੇਕਣਾ ਜਾਂ ਕੰਨਾਂ ਵਿਚ ਨਾਮ ਲੈਣਾ ਸਭ ਮਨਮਤ ਹੈ।

ਤੇ ਨਾਲ ਹੀ ਸਾਨੂੰ ਇਸ ਗੱਲ ਦਾ ਵੀ ਗਿਆਨ ਹੋ ਗਿਆ ਕਿ ਬਾਬਾ ਜੀ ਤਾਂ ਇਕ ਨੰਬਰ ਦੇ ਢੋਂਗੀ ਹਨ। ਉਨ੍ਹਾਂ ਦੀ ਤਾਂ ਕਹਿਣੀ ਤੇ ਕਰਨੀ ਵਿਚ ਕੋਈ ਤਾਲਮੇਲ ਹੀ ਨਹੀਂ।

ਹੁਣ ਸੋਚਣ ਦੀ ਗੱਲ ਇਹ ਹੈ ਕਿ ਅਸੀਂ ਇੰਨਾ ਪਖੰਡੀ ਬਾਬਿਆਂ ਦੀਆਂ ਝੂਠੀਆਂ ਅਸੀਸਾਂ ਲਈਏ ਜਾਂ ਫੇਰ ਦਸਮੇਸ਼ ਪਿਤਾ ਦੇ ਦਰਸਾਏ ਰਾਹ ਤੇ ਚੱਲ ਕੇ ਉਨ੍ਹਾਂ ਦੀਆਂ ਬਖਸ਼ਿਸ਼ਾਂ ਦੇ ਪਾਤਰ ਬਣੀਏ। ਬਸ ਇੰਨੀ ਕੁ ਗੱਲ ਦੀ ਸਮਝ ਆਣ ਦੀ ਦੇਰ ਸੀ ਕਿ ਸਾਡੇ ਘਰ ਵਿਚ ਕਈ ਸਾਲਾਂ ਤੋਂ ਚਲੀ ਆ ਰਹੀ ਇਹ ਸੰਪਟ ਪਾਠ ਦੀ ਰੀਤੀ ਬਿਲਕੁਲ ਖਤਮ ਹੋ ਗਈ ਤੇ ਢੋਂਗੀ ਬਾਬਾ ਜੀ ਦੀ ਵੀ ਹਮੇਸ਼ਾ ਲਈ ਛੁੱਟੀ। ਹੁਣ ਤਾਂ ਮੇਰੇ-ਮਾਤਾ ਪਿਤਾ ਸਿਰਫ਼ ਸਹਿਜ ਪਾਠ ਹੀ ਕਰਦੇ ਹਨ ਤੇ ਹੁਣ ਸਾਡੇ ਬਾਬਾ ਜੀ ਸਿਰਫ਼ ਤੇ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਦੂਜਾ—ਦੋਸਤ ਤੇਰੀਆਂ ਗੱਲਾਂ ਸੁਣ-ਸੁਣ ਕੇ ਤਾਂ ਮੇਰੀਆਂ ਵੀ ਅੱਖਾਂ ਖੁਲ੍ਹ ਗਈਆਂ ਹਨ। ਅਸੀਂ ਵੀ 'ਅਮਰਪੁਰੀ' ਵਾਲੇ ਬਾਬਾ ਜੀ ਨੂੰ ਮੰਨਦੇ ਹਾਂ। ਉਹ ਤਾਂ ਅਨੰਦਸਰ ਵਾਲੇ ਬਾਬਾ ਜੀ ਤੋਂ ਵੀ ਚਾਰ ਦਰਜੇ ਵੱਧ ਹੀ ਹਨ। ਆਪ ਤਾਂ ਏਅਰ ਕੰਡੀਸ਼ਨ ਇਮਪੋਰਟਿਡ ਗੱਡੀਆ ਵਿਚ ਫਿਰਦੇ ਹਨ ਤੇ ਸਿਰਫ਼ ਅਮੀਰਾਂ ਦੇ ਘਰਾਂ ਵਿਚ ਹੀ ਠਹਿਰਦੇ ਹਨ ਤੇ ਪ੍ਰਚਾਰ ਕਰਦੇ ਹਨ ਕਿ ਮਾਇਆ ਸਰਪਣੀ ਹੈ, ਨਾਗਣੀ ਹੈ; ਇਸਦਾ ਤਿਆਗ ਕਰੋ ਤੇ ਹੋਰ ਵੀ ਬੜਾ ਕੁਝ। ਲੰਬੇ ਲੰਬੇ ਚੋਲੇ ਪਾ ਕੇ, ਹੱਥਾਂ ਵਿਚ ਮਾਲਾ ਫੜ ਕੇ ਕਿਵੇਂ ਲੋਕਾਂ ਦਾ ਆਤਮਿਕ ਜੀਵਨ ਤਬਾਹ ਕਰ ਰਹੇ ਹਨ ਇਹ ਬਾਬੇ। ਹੁਣ ਮੈਂ ਵੀ ਆਪਣੇ ਪਰਿਵਾਰ ਵਿਚ ਇਨ੍ਹਾਂ ਦਾ ਪਖੰਡ ਹੋਰ ਨਹੀਂ ਚੱਲਣ ਦੇਣਾ। ਹੁਣ ਮੈਨੂੰ ਵੀ ਗਿਆਨ ਹੋ ਗਿਆ ਹੈ ਕਿ ਸਾਡੇ ਬਾਬਾ ਜੀ ਤਾਂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਤੇ ਮੈਨੂੰ ਉਮੀਦ ਹੈ ਬਲਕਿ ਪੱਕਾ ਯਕੀਨ ਹੈ ਕਿ ਮੇਰੇ ਮਾਤਾ-ਪਿਤਾ ਵੀ ਇਸ ਸੱਚਾਈ ਨੂੰ ਸਮਝ ਲੈਣਗੇ ਤੇ ਅੱਗੋਂ ਆਪਣਾ ਜੀਵਨ ਗੁਰਮਤਿ ਅਨੁਸਾਰ ਹੀ ਬਤੀਤ ਕਰਨਗੇ।

ਪਹਿਲਾ—ਵਾਹ, ਮੇਰੇ ਵੀਰ ਵਾਹ! ਇਹ ਹੋਈ ਨਾ ਗੱਲ। ਉਹ ਦੇਖ ਸੁਰਜੀਤ ਸਿੰਘ ਵੀ ਆ ਰਿਹਾ ਹੈ, ਚਲ ਉਸ ਪਾਸੇ ਚੱਲੀਏ ਤੇ ਕੀਰਤਨ ਸ਼ੁਰੂ ਕਰੀਏ।

ਦੋਵੇਂ ਗਾਂਦੇ ਹਨ..., ਆਇ ਮਿਲੁ ਗੁਰ ਸਿਖ ਆਇ ਮਿਲੁ
ਤੇ ਨਾਲ ਹੀ ਹਥ ਜੋੜ ਕੇ ਫਤਹਿ ਬੁਲਾਂਦੇ ਹਨ:
ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ। ❑❑❑

ਬਰੇਲੀ (ਯੂ.ਪੀ.) ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ

ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਦੇ ਬਰੇਲੀ ਸਰਕਲ ਵਲੋਂ ਮਿਤੀ 24,25 ਅਤੇ 26 ਜਨਵਰੀ 1998 ਨੂੰ ਸਲਾਨਾ ਗੁਰਮਤਿ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਬਰੇਲੀ ਵਿਖੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਇਸ ਸਮਾਗਮ ਵਿਚ ਵੱਖ-ਵੱਖ ਸਰਕਲਾ ਤੋਂ ਮਿਸ਼ਨਰੀ ਵੀਰ ਪੁੱਜ ਰਹੇ ਹਨ। ਕਾਲਜ ਦੇ ਪ੍ਰਿੰਸੀਪਲ ਸ: ਹਰਭਜਨ ਸਿੰਘ ਜੀ ਵੀ ਸੰਗਤਾਂ ਦੇ ਦਰਸ਼ਨ ਕਰਨਗੇ। ਹਲਦਵਾਨੀ, ਜ਼ਿਲ੍ਹਾ ਊਧਮ ਸਿੰਘ ਨਗਰ (ਰੁਦਰਪੁਰ), ਸ਼ਾਹਜਹਾਨਪੁਰ, ਲਖਨਊ ਅਤੇ ਹੋਰ ਆਸ ਪਾਸ ਦੇ ਸਰਕਲਾਂ ਨੂੰ ਬੇਨਤੀ ਹੈ ਕਿ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਵੀਰਾਂ ਭੈਣਾ ਦੀ ਅਗਾਊਂ ਸੂਚਨਾ ਕਾਲਜ ਦੇ ਬਰੇਲੀ ਦਫਤਰ 63-A, ਮਾਡਲ ਟਾਊਨ, ਬਰੇਲੀ ਵਿਖੇ 15 ਜਨਵਰੀ ਤਕ ਭੇਜ ਦੇਣ।

ਪ੍ਰਾਰਥਕ
ਸਿੱਖ ਮਿਸ਼ਨਰੀ ਕਾਲਜ, ਸਰਕਲ ਬਰੇਲੀ

ਸਿੱਖ ਫੁਲਵਾੜੀ ਇਨਾਮੀ ਪ੍ਰਤੀਯੋਗਤਾ ਨਵੰਬਰ 1997 ਦਾ ਸਹੀ ਹੱਲ

ਉੱਤਰ (1)—ਗੁਰੂ ਨਾਨਕ ਦੇਵ ਜੀ ਦਾ ਗੁਰੂ ਅਕਾਲ ਪੁਰਖ ਆਪ ਸੀ। ਗੁਰਬਾਣੀ ਫੁਰਮਾਣ ਹੈ—**ਅਪਰੰਪਰ ਪਾਰਬ੍ਰਹਮੁ ਪਰਮੇਸਰੁ. ਨਾਨਕ ਗੁਰੁ ਮਿਲਿਆ ਸੋਈ ਜੀਉ॥**

(ਸੋਰਠਿ, ਮ: ੧—੫੯੯)

ਉੱਤਰ (2)—ਬਾਬਰ ਦੇ ਹਮਲੇ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਨੇ ਹੇਠ ਲਿਖੇ ਸ਼ਬਦਾਂ ਵਿਚ ਕੀਤਾ ਹੈ—

(੧) ਖੁਰਾਸਾਨ ਖਸਮਾਨਾ ਕੀਆ............(ਪੰਨਾ ੩੬੦)

(੨) ਜਿਨ ਸਿਰਿ ਸੋਹਨਿ ਪਟੀਆ..........(ਪੰਨਾ ੪੧੭)

(੩) ਕਹਾ ਸੁ ਖੇਲ, ਤਬੇਲਾ ਘੋੜੇ..........(ਪੰਨਾ ੪੧੭)

(੪) ਜੈਸੀ ਮੈ ਆਵੈ ਖਸਮ ਕੀ ਬਾਣੀ.......(ਪੰਨਾ ੭੨੨)

ਉੱਤਰ (3)—ਗੁਰੂ ਨਾਨਕ ਜੀ ਪਾਸੋਂ ਸਭ ਤੋਂ ਪਹਿਲਾਂ ਬੇਬੇ ਨਾਨਕੀ ਜੀ ਨੇ ਸਿੱਖੀ ਧਾਰਨ ਕੀਤੀ।

ਉੱਤਰ (4)—ਗੁਰਦੁਆਰਾ ਸੁਧਾਰ ਲਹਿਰ ਚੱਲਣ ਸਮੇਂ ਗੁ: ਗੁਰੂ ਕਾ ਬਾਗ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਕੋਲ ਸੀ ਜੋ ਕਿ ਭੈੜੇ ਚਾਲ ਚੱਲਣ ਵਾਲਾ ਸੀ। ਬਾਅਦ ਵਿਚ ਗੁਰੂ ਕੇ ਬਾਗ ਦੇ ਮੋਰਚੇ ਵਿਚ ਸਿੱਖਾਂ ਦੀਆਂ ਕੁਰਬਾਨੀਆਂ ਉਪਰੰਤ ੧੭ ਨਵੰਬਰ ਸੰਨ ੧੯੨੨ ਨੂੰ ਗੁਰਦੁਆਰਾ ਦਾ ਪ੍ਰਬੰਧ ਸਿੱਖਾਂ ਦੇ ਹੱਥਾਂ ਵਿਚ ਆਇਆ।

ਉੱਤਰ (5)—ਬਾਬਾ ਬੁੱਢਾ ਜੀ ਨੇ ਗੁਰੂ ਜੀ ਦੇ ਸੁਨਿਹਰੀ ਉਪਦੇਸ਼ ਕਿਰਤ ਕਰਨੀ, ਨਾਮ ਜਪਣਾ, ਵੰਡ ਕੇ ਛਕਣਾ ਕਮਾ ਕੇ ਵਿਖਾਇਆ।

ਉੱਤਰ (6)—**ਕੇਤਿਆ, ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥** ਇਨ੍ਹਾਂ ਤੁਕਾਂ ਵਿਚ ਦੁਖ, ਭੁਖ ਅਤੇ ਕਲੇਸ਼ ਨੂੰ ਦਾਤਾਂ ਇਸ ਕਰਕੇ ਕਿਹਾ ਗਿਆ ਹੈ ਕਿਉਂਕਿ ਦੁੱਖਾਂ, ਕਲੇਸ਼ਾਂ ਅਤੇ ਭੁੱਖ ਦੇ ਕਾਰਨ ਹੀ ਮਨੁੱਖ ਨੂੰ ਰਜ਼ਾ ਵਿਚ ਤੁਰਨ ਦੀ ਸਮਝ ਪੈਂਦੀ ਹੈ।

ਉੱਤਰ (7)—'ਸੋਹਿਲਾ' ਬਾਣੀ ਦਾ ਪਾਠ ਹੇਠ ਲਿਖੇ ਮੌਕਿਆਂ ਤੇ ਕੀਤਾ ਜਾਂਦਾ ਹੈ (i) ਰਾਤ ਨੂੰ ਸੌਣ ਸਮੇਂ (ii) ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਆਸਨ ਕਰਦੇ ਸਮੇਂ (iii) ਕਿਸੇ ਵਿਅਕਤੀ ਦੇ ਚਲਾਣੇ ਸਮੇਂ ਉਸਦੇ ਸਸਕਾਰ ਤੋਂ ਬਾਅਦ।

ਉੱਤਰ (8)—ਸ਼ਬਦਾਂ ਦਾ ਸ਼ੁੱਧ ਉਚਾਰਨ ਹੇਠਾਂ ਲਿਖੇ ਅਨੁਸਾਰ ਹੈ—

ਜੀਅ—ਜੀ, ਕੀਅ—ਕੀ, ਤ੍ਰੀਅ—ਤ੍ਰੀ, ਧੀਅ—ਧੀ, ਬਿਹਾਰੀ ਦੀ ਆਵਾਜ਼ ਥੋੜ੍ਹੀ ਲਮਕਾ ਕੇ ਉਚਾਰਨ ਕਰਨਾ ਹੈ।

ਉੱਤਰ (9)—**ਇਆਣੀ ਬਾਲੀ ਕਿਆ ਕਰੇ**..........**ਸਾ ਧਨ ਮਹਲੁ ਨ ਪਾਵੈ॥** ਦੇ ਅਰਥ ਹਨ—ਅੰਞਾਣ ਜੀਵ-ਇਸਤ੍ਰੀ (ਇਆਣੀ ਬਾਲੀ) ਕੀ ਕਰ ਸਕਦੀ ਹੈ ਜੇ ਉਹ ਜੀਵ ਇਸਤ੍ਰੀ (ਸਾ ਧਨ) ਖਸਮ ਪ੍ਰਭੂ (ਕੰਤ) ਨੂੰ ਚੰਗੀ ਹੀ ਨਾ ਲੱਗੇ ? ਅਜਿਹੀ ਜੀਵ-ਇਸਤ੍ਰੀ (ਸਾ ਧਨ) **ਭਾਵੇਂ** ਕਿੰਨੇ ਹੀ ਤਰਲੇ (ਕਰਣ ਪਲਾਹ) ਪਈ ਕਰੇ, ਉਹ ਪਤੀ ਪ੍ਰਭੂ ਦਾ ਮਹਲ (ਘਰ) ਨਹੀਂ ਲੱਭ ਸਕਦੀ।

ਉੱਤਰ (10)—ਭਗਤ ਕਬੀਰ ਜੀ ਨੇ ਹੇਠ ਲਿਖੇ ਗੁਰਬਾਣੀ ਫੁਰਮਾਣ ਰਾਹੀਂ ਦੱਸਿਆ ਹੈ ਕਿ ਜੋ ਇਸਤਰੀ ਵਰਤ ਰੱਖਦੀ ਹੈ ਉਹ ਅਗਲੇ ਜਨਮ ਗਧੀ ਬਣ ਕੇ ਭਾਰ ਢੋਂਹਦੀ ਹੈ—**ਕਬੀਰ ਹਰਿ ਕਾ ਸਿਮਰਨੁ ਛਾਡਿ ਕੈ, ਅਹੋਈ ਰਾਖੈ ਨਾਰਿ॥ ਗਦਹੀ ਹੋਇ ਕੈ ਅਉਤਰੈ, ਭਾਰੁ ਸਹੈ ਮਨ ਚਾਰਿ॥ ੧੦੯॥**

(ਸਲੋਕ, ਕਬੀਰ ਜੀ, ਪੰਨਾ ੧੩੭੦)

ਉੱਤਰ (11)—ਜਦੋਂ ਬੱਚਾ ਦਸਤਾਰ ਸੰਭਾਲਣ ਯੋਗ ਹੋ ਜਾਵੇ ਤੇ ਜਿੰਨੀ ਲੰਬਾਈ ਦੀ ਉਹ ਸੰਭਾਲ ਸਕੇ ਉਨੀ ਲੰਮੀ ਦਸਤਾਰ ਸਜਾਉਣੀ ਯੋਗ ਹੈ। ਛੋਟੀ ਉਮਰ ਦੇ ਬੱਚਿਆਂ ਨੂੰ ਛੋਟੀ ਦਸਤਾਰ ਸਜਾਉਣਾ ਯੋਗ ਹੈ ਤਾਂ ਕਿ ਨੰਗੇ ਸਿਰ ਨਾ ਰਹਿ ਸਕਣ। ੯-੧੦ ਸਾਲ ਦੀ ਉਮਰ ਵਿਚ ਬੱਚਾ ਦਸਤਾਰ ਸੰਭਾਲਣ ਯੋਗ ਹੋ ਜਾਂਦਾ ਹੈ।

ਉੱਤਰ (12)—ਗੁਰੂ ਮੂਰਤਿ ਤੋਂ ਭਾਵ—ਗੁਰੂ ਦਾ ਸ਼ਬਦ ਹੈ। ਭਾਈ ਗੁਰਦਾਸ ਜੀ ਆਖਦੇ ਹਨ—**ਗੁਰ ਮੂਰਤਿ ਗੁਰ ਸਬਦੁ ਹੈ, ਸਾਧ ਸੰਗਤਿ ਵਿਚ ਪਰਗਟੀ ਆਇਆ॥**

(ਪੰਨਾ ੨੪, ਪਉੜੀ ੨੫)

ਉੱਤਰ (13)—ਗੁਰੂ ਰੀਤੀ (ਗੁਰੂ ਮਰਯਾਦਾ) ਤੋਂ ਭਾਵ ਹੈ ਉਹ ਰੀਤੀ ਜੋ ਗੁਰਬਾਣੀ ਅਤੇ ਸਤਿਗੁਰਾਂ ਦੀ ਚਲਾਈ ਮਰਯਾਦਾ ਅਨੁਸਾਰ ਹੋਵੇ।

ਉੱਤਰ (14)—ਸਿੱਖੀ ਦੇ ਪ੍ਰਸੰਗ ਵਿਚ ਪੰਥ ਦਾ ਅਰਥ—ਗੁਰੂ ਨਾਨਕ ਦੇਵ ਜੀ ਦੁਆਰਾ ਚਲਾਇਆ ਨਵਾਂ ਧਰਮ-ਨਿਰਮਲ ਪੰਥ ਅਥਵਾ ਗੁਰਮੁਖ ਪੰਥ ਹੈ।

ਉੱਤਰ (15)—ਗੁਰੂ ਸਾਹਿਬਾਨ ਦੇ ਪ੍ਰਕਾਸ਼ ਉਤਸਵ, ਗੁਰੂ ਸਾਹਿਬਾਨ ਦੇ ਗੁਰਗੱਦੀ ਦਿਵਸ, ਗੁਰੂ ਸਾਹਿਬ ਦੇ ਜੋਤੀ ਜੋਤਿ ਜਾਂ ਸ਼ਹੀਦੀ ਦਿਵਸ, ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਅਤੇ ਗੁਰਗੱਦੀ ਦਿਵਸ, ਖਾਲਸੇ ਦਾ ਸਾਜਨਾ ਦਿਵਸ ਵਿਸਾਖੀ, ਪੁਰਾਤਨ ਅਤੇ ਵਰਤਮਾਨ ਗੁਰਸਿੱਖਾਂ ਦੇ ਇਤਿਹਾਸਕ ਦਿਹਾੜੇ, ਸਿੱਖਾਂ ਸ਼ਹੀਦਾਂ ਦੇ ਸ਼ਹੀਦੀ ਦਿਵਸ।

੨੫ ਜਾਂ ਵੱਧ ਮੈਗਜ਼ੀਨ ਬੁੱਕ ਕਰਨ ਵਾਲਿਆਂ ਦੇ ਨਾਮ

1. ਸ੍. ਅਮਰਜੀਤ ਸਿੰਘ, ਪਿੰਡ ਨੰਗਲ ਮੱਜਾ, ਸਰਕਲ ਜਲੰਧਰ, 25 ਮੈਗਜ਼ੀਨ
2. ਸ੍. ਨਿਰਮਲ ਸਿੰਘ ਮਲਸੀਆਂ, ਸਰਕਲ ਜਲੰਧਰ, 32 ਮੈਗਜ਼ੀਨ

ਇਹ ਹਮਾਰਾ ਜੀਵਣਾ

— ਸ: ਸੁਰਜੀਤ ਸਿੰਘ

ਗੁਰਪੁਰਬ ਤੋਂ ਪੰਦਰਾਂ ਵੀਹ ਦਿਨ ਪਹਿਲਾਂ ਪ੍ਰਭਾਤ ਫੇਰੀਆਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ। ਸੰਗਤਾਂ ਤੜਕਸਾਰ ਵੱਡੇ ਗੁਰਦੁਆਰੇ ਇਕੱਠੀਆਂ ਹੁੰਦੀਆਂ ਅਤੇ ਕੀਰਤਨ ਕਰਦੀਆਂ ਇਕ ਪੂਰਵ ਨਿਸ਼ਚਿਤ ਘਰ ਪਹੁੰਚਦੀਆਂ, ਜਿਥੇ ਗੁਰੂ ਸਰੂਪ ਸੰਗਤਾਂ ਦਾ ਚਾਹ, ਮਿਠਾਈ, ਸਮੋਸਿਆਂ ਤੇ ਪਕੌੜਿਆਂ ਆਦਿ ਨਾਲ ਸਵਾਗਤ ਹੁੰਦਾ। ਚਾਹ ਦਾ ਲੰਗਰ ਛੱਕ ਕੇ ਸੰਗਤਾਂ ਕੀਰਤਨ ਕਰਦੀਆਂ ਵਾਪਸ ਵੱਡੇ ਗੁਰਦੁਆਰੇ ਅੱਪੜਦੀਆਂ ਤੇ ਉਥੋਂ ਲੋਕੀ ਆਪੋ-ਆਪਣੇ ਘਰਾਂ ਨੂੰ ਤੁਰ ਪੈਂਦੇ।

ਨਿਹਾਲੇ ਦਾ ਬੜਾ ਦਿਲ ਕਰਦਾ ਕਿ ਉਹ ਵੀ ਆਪਣੇ ਘਰ ਪ੍ਰਭਾਤ ਫੇਰੀ ਦੇ ਬਹਾਨੇ ਗੁਰੂ ਰੂਪ ਸੰਗਤਾਂ ਦੇ ਚਰਨ ਪੁਆਵੇ ਪਰ ਮਾਲੀ ਹਾਲਤ ਜਵਾਬ ਦੇ ਜਾਂਦੀ। ਕਮਾਈ 'ਚੋਂ ਘਰ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਚਲਦਾ ਸੀ।

ਪਰ ਇਸ ਵਾਰ ਉਸ ਨੇ ਕੁਝ ਹੋਰ ਹੀ ਸੋਚਿਆ। ਅਗਲੀ ਸਵੇਰ ਪ੍ਰਭਾਤ ਫੇਰੀ ਦਾ ਆਯੋਜਨ ਟਰਾਂਸਪੋਰਟਰ ਮੋਹਕਮ ਸਿੰਘ ਦੇ ਘਰ ਸੀ। ਉਹਦਾ ਘਰ ਉਸੇ ਰਸਤੇ 'ਤੇ ਸੀ। ਉਸ ਨੇ ਸੋਚਿਆ ਕਿ ਜਦੋਂ ਸੰਗਤਾਂ ਮੋਹਕਮ ਸਿੰਘ ਦੇ ਘਰੋਂ ਮੁੜਦਿਆਂ ਉਹਦੇ ਗਰੀਬਖ਼ਾਨੇ ਅਗੋਂ ਲੰਘਣਗੀਆਂ ਤਾਂ ਉਹ ਉਹਨਾਂ ਨੂੰ ਆਪਣਾ ਵਿਹੜਾ ਪਵਿੱਤਰ ਕਰਨ ਲਈ ਬੇਨਤੀ ਕਰੇਗਾ।

ਟਰਾਂਸਪੋਰਟਰ ਮੋਹਕਮ ਸਿੰਘ ਨੇ ਆਈਆਂ ਸੰਗਤਾਂ ਦਾ ਚਾਹ, ਤਿੰਨ ਚਾਰ ਤਰ੍ਹਾਂ ਦੀਆਂ ਮਿਠਾਈਆਂ, ਪਾਲਕ ਪਨੀਰ ਤੇ ਗੋਭੀ ਦੇ ਪਕੌੜਿਆਂ ਤੋਂ ਇਲਾਵਾ ਕਾਜੂਆਂ ਨਾਲ ਸਵਾਗਤ ਕੀਤਾ।

ਇਤਨੀ ਸੇਵਾ ਤੋਂ ਨਿਹਾਲ ਹੋਏ ਲੋਕੀਂ ਜਦੋਂ ਵਾਪਸੀ 'ਤੇ ਨਿਹਾਲੇ ਦੇ ਘਰ ਕੋਲ ਅੱਪੜੇ ਤਾਂ ਨਿਹਾਲਾ ਹੱਥ ਜੋੜ ਕੇ ਟੱਬਰ ਸਣੇ ਖੜ੍ਹ ਗਿਆ, "ਬਸ ਦੋ ਕੁ ਮਿੰਟਾਂ ਲਈ ਗਰੀਬ ਦੇ ਘਰ ਚਰਨ ਪਾਵੋ ਜੀ। ਖਾਲੀ ਚਾਹ ਦਾ ਇਕ-ਇਕ ਕੱਪ.......ਲੰਗਰ ਤਿਆਰ ਹੈ।"

ਲੰਮੇ ਝਾਣੇ ਤੇ ਖੁਲ੍ਹੀ ਦਾੜ੍ਹੀ ਵਾਲਾ ਜਗਤਾਰ ਸਿੰਘ ਜੋ ਕਿ ਪ੍ਰਭਾਤ ਫੇਰੀ ਦਾ ਪ੍ਰਬੰਧਕ ਗਿਣਿਆ ਜਾਂਦਾ ਸੀ, ਅੱਗੇ ਵਧਿਆ ਤੇ ਨਿਹਾਲੇ ਨੂੰ ਘੂਰਦਿਆਂ ਬੋਲਿਆ, "ਪ੍ਰਭਾਤ ਫੇਰੀ ਦੀ ਤਰੀਕ ਲਈ ਤੈਂ ?"

"ਬਸ ਦੋ ਮਿੰਟ, ਗਰੀਬ ਦਾ ਵਿਹੜਾ ਪਵਿੱਤਰ ਹੋ ਜਾਏਗਾ। ਖਾਲੀ ਚਾਹ।"

"ਨਹੀਂ ਨਹੀਂ, ਇੰਜ ਪ੍ਰਭਾਤ ਫੇਰੀਆਂ 'ਚ ਵਿਘਨ ਪੈਂਦੈ। ਚਲੋ ਬਈ ਚਲੋ।" ਜਗਤਾਰ ਸਿੰਘ ਨੇ ਜਿਵੇਂ ਆਦੇਸ਼ ਕੀਤਾ।

ਸੰਗਤਾਂ ਕੀਰਤਨ ਕਰਦੀਆਂ ਅਗਾਂਹ ਨੂੰ ਤੁਰ ਪਈਆਂ। ਨਿਹਾਲਾ ਕਦੇ ਜਾਂਦੀਆਂ ਸੰਗਤਾਂ ਨੂੰ ਤੱਕਦਾ, ਕਦੇ ਵਿਹੜੇ 'ਚ ਇੱਟਾਂ ਦੇ ਚੁਲ੍ਹੇ ਉਪਰ ਬੜ੍ਹਕਦੀ ਚਾਹ ਨੂੰ ਤੇ ਕਦੇ ਨਿਰਾਦਰ ਮਹਿਸੂਸ ਕਰ ਰਹੇ ਆਪਣੇ ਪਰਿਵਾਰ ਦੇ ਬੰਦਿਆਂ ਨੂੰ। ਥੋੜ੍ਹੀ ਅੱਗੇ ਜਾ ਕੇ ਜਗਤਾਰ ਸਿੰਘ ਨਿਹਾਲੇ ਵਲ ਪਰਤਿਆ ਤੇ ਮੋਹਕਮ ਸਿੰਘ ਟਰਾਂਸਪੋਟਰ ਦੇ ਘਰ ਵਰਤਾਏ ਗਏ ਕਾਜੂਆਂ 'ਚੋਂ, ਜੋ ਉਹਦੀ ਜੇਬ 'ਚ ਭਰੇ ਸਨ, ਦੋ ਕਾਜੂ ਮੂੰਹ ਵਿਚ ਪਾ ਕੇ ਬੜੀ ਹੀ ਭੇਤ ਭਰੀ ਆਵਾਜ਼ 'ਚ ਨਿਹਾਲੇ ਨੂੰ ਬੋਲਿਆ, 'ਜੇ ਏਡਾ ਈ ਸ਼ੌਂਕ ਐ ਤਾਂ ਨੋਟ ਖਰਚ ਨੋਟ, ਖਾਲੀ ਚਾਹ ਨਾਲ ਨਹੀਂ ਪ੍ਰਭਾਤ ਫੇਰੀਆਂ ਪੈਂਦੀਆ ਹੁੰਦੀਆਂ!"

ਨਿਹਾਲਾ ਸੋਚ ਰਿਹਾ ਸੀ, ਜਿਸ ਗੁਰੂ ਬਾਬੇ ਦੇ ਗੁਰਪੁਰਬ ਸੰਬੰਧੀ ਇਹ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ ਉਹਨਾਂ ਦਾ ਤਾਂ ਫੁਰਮਾਨ ਹੈ—

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥
ਜਿਥੈ ਨੀਚੁ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ॥

ਸਿੱਖ ਆਗੂ ਹੋਇ ਕੈਸਾ

ਕਲਗੀਧਰ ਨੂੰ ਸਿੰਘਾਂ ਪੁੱਛਿਆ ਕਿ ਪਾਤਸ਼ਾਹ ਸਿੱਖ ਆਗੂ ਦੇ ਗੁਣ ਦਸੋ ਤਾਂ ਕਿ ਪੰਥ ਸਦਾ ਚੜ੍ਹਦੀ ਕਲਾ ਵਿਚ ਰਹੇ। ਕੌਮ ਦੇ ਬਿਖਰੇ ਸ਼ੀਰਾਜ਼ੇ ਨੂੰ ਸਮੇਟ ਇਕ ਝੰਡੇ ਹੇਠ ਲਿਆ ਸਕੇ।

ਮਹਾਰਾਜ ਨੇ ਕਿਹਾ :
ਸਭ ਤੋ ਪਹਿਲਾਂ ਸੂਰਮਾ ਹੋਵੇ।
ਕਦੇ ਜੂਝਦੇ ਪਿੱਠ ਨਾ ਦੇਵੇ।
ਬਚਨ ਦਾ ਧਨੀ ਹੋਵੇ।
ਨੀਚ ਦੀ ਸਭਾ ਵਿਚ ਜਾ ਵੀ ਕਦੇ ਝੂਠਾ ਨਾ ਪਵੇ।
ਗੱਲ ਮਨਾਉਣ ਦੀ ਸ਼ਕਤੀ ਰੱਖਦਾ ਹੋਵੇ।
ਸਾਰਾ ਪੰਥ ਉਸ ਦੇ ਆਚਰਨ ਦਾ ਲੋਹਾ ਮੰਨੇ, ਉਸ ਦੀ ਅਗਵਾਈ ਵਿਚ ਚਲ ਖੁਸ਼ ਹੋਵੇ, ਦੁਸ਼ਟਾਂ ਨਾਲ ਲੋਹਾ ਲੈਂਦੇ ਨਾ ਝਿਜਕੇ।
ਸ਼ਹੀਦੀ ਦਾ ਚਾਅ ਹੋਵੇ।
ਅਤੇ
ਖ਼ੁਦਗਰਜ਼ ਨਾ ਹੋਵੇ।
ਸਤਿਗੁਰ ਕਹਯੋ :
ਜੋ ਹੁਇ ਨਰ ਸੂਰਾ।
ਲਰ ਗਿਲਜਨ ਸੌਂ ਹੁਇ ਨ ਚੂਰਾ। ੧੧੬।
ਜਿਸੈ ਸ਼ਾਹਦੀ ਪੰਥ ਸਭ ਭਰੈ।
ਜੋ ਦੁਸ਼ਟਨ ਸੇ ਜੁੱਧ ਨ ਟਰੈ।
ਜੋ ਪੰਥੈ ਹਿਤ ਸੀਰ ਚਹਿ ਲਾਯਾ।
ਜਿਨ ਪੰਥੈ ਹਿਤ ਪਰ ਸੁਾਰਥ ਕਮਾਯਾ। ੧੧੭।

(ਪ੍ਰਾਚੀਨ ਪੰਥ ਪ੍ਰਕਾਸ਼)